NATIONAL CENTRE FOR SCHOOL LEADERSHIP
NCSL
Every Child Learns
Every School Excels
ਸਕੂਲ ਲੀਡਰਸ਼ਿਪ ਦਾ ਕੌਮੀ ਕੇਂਦਰ

# ਅਗਵਾਈ ਕਰੀਕੁਲਮ

# ਰਾਸ਼ਟਰੀ ਪ੍ਰੋਗਰਾਮ ਨਮੂਨਾ
# ਅਤੇ
# ਪਾਠਕ੍ਰਮ ਫਰੇਮ ਵਰਕ

राष्ट्रीय शैक्षिक योजना एवं प्रशासन विश्वविद्यालय
NATIONAL UNIVERSITY OF EDUCATIONAL PLANNING AND ADMINISTRATION
ਨੈਸ਼ਨਲ ਯੂਨੀਵਰਸਿਟੀ ਆਫ ਐਜੂਕੇਸ਼ਨਲ ਪਲਾਨਿੰਗ ਅਤੇ ਐਡਮਿਨਸਟ੍ਰੇਸ਼ਨ

ਨੈਸ਼ਨਲ ਯੂਨੀਵਰਸਿਟੀ ਆਫ ਐਜੁਕੇਸ਼ਨਲ ਪਲਾਨਿੰਗ ਅਤੇ ਐਡਮੀਨਸਟ੍ਰੇਸ਼ਨ (NUEPA)
ਭਾਰਤ ਸਰਕਾਰ ਵੱਲੋਂ ਯੂ.ਜੀ.ਸੀ. ਐਕਟ 1956 ਦੀ ਧਾਰਾ 3 ਦੇ ਅਧੀਨ ਘੋਸ਼ਿਤ

© NUEPA

ਪਹਿਲਾ ਪ੍ਰਕਾਸ਼ਨ ਅੰਗ੍ਰੇਜ਼ੀ ਵਿੱਚ ਫਰਵਰੀ 2014
ਪਹਿਲਾ ਪ੍ਰਕਾਸ਼ਨ ਪੰਜਾਬੀ ਵਿੱਚ ਜਨਵਰੀ 2017

Published by the Registrar, National University of Educational Planning and Administration (NUEPA), 17-B, Sri Aurobindo Marg, New Delhi - 110016 and Layout by Bachan Singh and Printed by New Delhi - 110049

# ਪ੍ਰਸਤਾਵਨਾ

ਭਾਰਤੀ ਸਕੂਲ ਪ੍ਰਬੰਧ ਇਸ ਗੱਲ ਦਾ ਗਵਾਹ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਸਿੱਖਿਆ ਦਾ ਵਿਸਥਾਰ ਵੇਖਣ ਨੂੰ ਮਿਲ ਰਿਹਾ ਹੈ, ਜੋ ਕਿ ਪਹਿਲਾਂ ਕਦੇ ਵੀ ਵੇਖਣ ਨੂੰ ਨਹੀਂ ਮਿਲਿਆ, ਜਿਹੜਾ ਕਿ ਮੁੱਢਲੀ ਸਿੱਖਿਆ ਨੂੰ ਸਰਵਵਿਆਪੀ ਬਣਾ ਰਿਹਾ ਹੈ । ਇਸ ਦੇ ਨਾਲ ਹੀ ਸੈਕੰਡਰੀ ਸਕੂਲਾਂ ਦੀ ਗਿਣਤੀ ਵਿੱਚ ਵੀ ਵੱਡੇ ਪੱਧਰ ਉੱਤੇ ਵਾਧਾ ਹੋਇਆ ਹੈ। ਇਹ ਵਾਧਾ ਦੇਸ਼ ਦੇ ਹਰ ਕੋਨੇ- ਕੋਨੇ ਉੱਤੇ ਹੋ ਰਿਹਾ ਹੈ। ਇਸ ਗੁਣਤਾਮਕ ਵਾਧੇ ਨੇ ਬੱਚਿਆਂ ਦੀ ਪ੍ਰਤਿਭਾ ਉੱਤੇ ਅਸਰ ਪਾਇਆ ਹੈ। ਜਿੱਥੇ ਪ੍ਰਤਿਭਾ ਨੂੰ ਨਿਖਾਰਿਆ ਹੈ ਉੱਥੇ ਗੁਣਵੱਤਾ ਦੇ ਕਈ ਪਹਿਲੂਆਂ ਉੱਤੇ ਵਿਚਾਰ ਕਰਨਾ ਬਾਕੀ ਹੈ। ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਗੁਣਤਾਮਕ ਵਿਕਾਸ ਵੱਡੇ ਪੱਧਰ ਤੇ ਬਣਾਈਆ ਨੀਤੀਆਂ ਨਾਲ ਹੀ ਨਹੀ ਹੋ ਸਕਦਾ। ਲੋੜ ਹੈ ਕਿ ਅਸੀਂ ਆਪਣਾ ਧਿਆਨ ਪ੍ਰਣਾਲੀ (System) ਪੱਧਰ ਦੇ ਸੁਧਾਰਾਂ ਤੋਂ ਹਟਾ ਕੇ ਸਕੂਲ ਪੱਧਰ ਦੀ ਕਾਰਜ ਪ੍ਰਣਾਲੀ ਦੇ ਸੁਧਾਰਾਂ ਵੱਲ ਧਿਆਨ ਲਗਾਈਏ। 1.5 ਲੱਖ ਸਕੂਲਾਂ ਨਾਲ ਕੰਮ ਕਰਨਾ ਸੌਖਾ ਨਹੀਂ, ਕੇਵਲ ਕੇਂਦਰੀ ਸਹਿਯੋਗ ਨਾਲ ਨਿਜਿੱਠਿਆ ਨਹੀ ਜਾ ਸਕਦਾ। ਇਹ ਮੰਗ ਕਰਦਾ ਹੈ ਕਿ ਸਥਾਨਕ ਸਰਗਰਮ ਪਾਤਰਾਂ ਰਾਹੀਂ ਪ੍ਰਤੱਖ ਤੌਰ ਤੇ ਹਰੇਕ ਸਕੂਲ਼ ਨੂੰ ਇੱਕ ਲਾਭਕਾਰੀ ਵਿੱਦਿਅਕ ਸੰਗਠਨ ਬਣਾਇਆ ਜਾਵੇ। ਅਸਲ ਵਿੱਚ ਰਾਸ਼ਟਰੀ ਪ੍ਰੋਗਰਾਮ ਆਫ ਸਕੂਲ ਲੀਡਰਸ਼ਿਪ ਡਿਵੈਲਪਮੈਂਟ ਦੇ ਉਦੇਸ਼ਾਂ ਜਾਂ ਟੀਚਿਆਂ ਨੂੰ ਇੱਕ ਲਿਖਤ ਰੂਪ ਵਿੱਚ ਦਿੱਤਾ ਗਿਆ ਹੈ। ਇਸ ਮਿਸ਼ਨ ਵਿੱਚ ਸਕੂਲ ਮੁੱਖੀ ਨੂੰ ਖਾਸ ਮਹੱਤਤਾ ਦਿੱਤੀ ਗਈ ਹੈ।

ਇਸ ਦਸਤਾਵੇਜ਼ ਵਿੱਚ ਸ਼ਾਮਿਲ ਪ੍ਰੋਗਰਾਮ ਅਤੇ ਪਾਠਕ੍ਰਮ ਦਾ ਨਮੂਨਾ, ਉਸ ਮੁੱਢਲੇ ਸਿਧਾਤ ਨੂੰ ਸਪਸ਼ਟ ਕਰਦਾ ਹੈ ਜਿਸ ਤੇ ਚੱਲਦਿਆਂ ਹਰੇਕ ਸਕੂਲ ਵਿੱਚ ਬਦਲਾਵ ਅਤੇ ਵਿਕਾਸ ਲਿਆਉਣ ਦੇ ਮੁੱਦੇ ਨੂੰ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਇਹ ਖੋਜ਼ ਅਤੇ ਸੰਸਥਾਵਾਂ ਦੇ ਤਾਲਮੇਲ ਤੇ ਅਧਾਰਿਤ ਸਕੂਲ ਮੁਖੀਆਂ ਵਿੱਚ ਅਗਵਾਈ ਕਰਨ ਦੇ ਕੌਸ਼ਲ ਦੇ ਵਿਕਾਸ ਹਿਤ ਸਮਰਥਾ ਨਿਰਮਾਨ ਪ੍ਰੋਗਰਾਮ ਤਿਆਰ ਕਰਨ ਦੀ ਜ਼ਰੂਰਤ ਵੱਲ ਇਸ਼ਾਰਾ ਕਰਦਾ ਹੈ।ਸਕੂਲ ਪ੍ਰਣਾਲੀ ਵਿੱਚ ਯੋਗ ਅਗਵਾਈ ਕਰਨ ਲਈ ਸਮਰਥਾ ਦੇ ਵਿਕਾਸ ਕਰਨ ਹਿਤ ਲੁੜੀਂਦੇ ਸਾਰੇ ਵਿਸ਼ਿਆਂ ਸਬੰਧੀ ਸਮਗਰੀ ਅਤੇ ਪ੍ਰਕਿਰਿਆਵਾਂ ਦੀ ਸਪੱਸ਼ਟ ਰੂਪ ਰੇਖਾ ਇਸ ਦਸਤਾਵੇਜ਼ ਵਿੱਚ ਸ਼ਾਮਿਲ ਹੈ। ਪਾਠਕ੍ਰਮ ਦਾ ਕੇਂਦਰ ਬਿੰਦੂ ਸਿਖਿਆਰਥੀ ਅਤੇ ਸਿੱਖਣ-ਸਿਖਾਉਣ ਦੀਆਂ ਪਰਕ੍ਰਿਆਵਾਂ ਹਨ। ਇਹ ਪਾਠਕ੍ਰਮ ਕੌਮੀ ਅਤੇ ਰਾਜ ਪੱਧਰ ਦੇ ਬਹੁਤ ਸਾਰੇ ਤਜ਼ਰਬੇਕਾਰ ਮਾਹਿਰਾਂ ਅਤੇ ਸਕੂਲਾਂ ਵਿੱਚ ਕ੍ਰਿਆਸ਼ੀਲ ਅਧਿਆਪਕਾਂ ਨੇ ਇੱਕਮੱਤ ਹੋ ਕੇ ਵਿਕਸਤ ਕੀਤਾ ਹੈ। ਇਹ ਇੱਕ ਮੰਨਣ ਯੋਗ ਗੱਲ ਹੈ ਕਿ ਪਾਠਕ੍ਰਮ ਕੇਵਲ ਸਕੂਲ ਦੀ ਗੁਣਵੱਤਾ ਨਾਲ ਸਬੰਧ ਨਹੀਂ ਰੱਖਦਾ ਸਗੋਂ ਸਕੂਲ ਵਿੱਚ

ਵੱਖ ਵੱਖ ਵਿਸ਼ਿਆ ਅਤੇ ਹਾਲਾਤਾਂ ਦੀ ਭਿੰਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਨਤਾ ਦੀ ਜਰੂਰਤ ਵੱਲ ਵੀ ਧਿਆਨ ਦਿੰਦਾ ਹੈ। ਪਾਠਕ੍ਰਮ ਨੂੰ ਗਤੀਸ਼ੀਲ ਅਤੇ ਪਰਿਵਰਤਨ-ਸ਼ੀਲ ਹੋਣਾ ਪਵੇਗਾ ਤਾਂ ਜੋ ਸਕੂ਼ਲ ਵਿਵਸਥਾ ਦੀਆਂ ਬਦਲ ਰਹੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਸਕੇ। ਇਹ ਸਾਰੀਆਂ ਵਿਚਾਰਧਾਰਾਂ ਸਕੂਲ ਲੀਡਰਸ਼ਿਪ ਦਾ ਕੌਮੀ ਕੇਂਦਰ (ਐਨ. ਸੀ. ਐਸ. ਐਲ) ਦੇ ਕੰਮਾਂ ਲਈ ਪੈੜਾਂ ਦਾ ਕੰਮ ਕਰਨਗੀਆਂ। ਜਿਵੇਂ ਕਿ ਸਕੂਲ ਲੀਡਰਸ਼ਿਪ ਦਾ ਕੌਮੀ ਕੇਂਦਰ (ਐਨ. ਸੀ. ਐਲ. ਐਸ) ਨੇ ਪਾਠਕ੍ਰਮ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨਾ ਸ਼ੁਰੂ ਕੀਤਾ ਹੈ।

ਮੈਂ ਨੈਸ਼ਨਲ ਸੈਂਟਰ ਫਾਰ ਸਕੂ਼ਲ ਲੀਡਰਸ਼ਿਪ ਟੀਮ ਦਾ ਇਹ ਦਸਤਾਵੇਜ਼ ਐਨੇ ਥੋੜੇ ਸਮੇਂ ਵਿੱਚ ਤਿਆਰ ਕਰਨ ਲਈ ਧੰਨਵਾਦ ਕਰਦਾ ਹਾਂ, ਅਤੇ ਉਮੀਦ ਕਰਦਾ ਹਾਂ ਕਿ ਰਾਜ ਸਰਕਾਰਾਂ ਦੇ ਅਧਿਕਾਰੀ, ਸਕੂਲ ਮੁਖੀ, ਅਤੇ ਹੋਰ ਸਕੂਲ ਲੀਡਰਸ਼ਿਪ ਨਾਲ ਜੁੜੇ ਇਸ ਤੋ ਲਾਭ ਪ੍ਰਾਪਤ ਕਰਨਗੇ।

ਨਵੀਂ ਦਿੱਲੀ
15 ਨਵੰਬਰ, 2016

ਜੰਧਿਆਲਿਆ ਬੀ.ਜੀ. ਤਿਲਕ
ਵਾਈਸ ਚਾਂਸਲਰ

# Acknowledgement

ਨੈਸ਼ਨਲ ਸੈਂਟਰ ਫਾਰ ਸਕੂਲ ਲੀਡਰਸ਼ਿਪ NUEPA ਵਿਖੇ ਸਥਾਪਤ ਕੀਤਾ ਗਿਆ ਹੈ ਤਾਂ ਜੋ ਸਕੂਲ ਮੁਖੀਆਂ ਵਿੱਚ ਗਿਆਨ, ਕੌਸ਼ਲ ਅਤੇ ਬਦਲਾਵ ਦੀਆਂ ਸਥਿਤੀਆਂ ਲਈ ਰੁਝਾਨ ਪੈਦਾ ਕੀਤਾ ਜਾ ਸਕੇ। ਸਕੂਲ ਲੀਡਰਸ਼ਿਪ ਦਾ ਕੌਮੀ ਕੇਂਦਰ (ਐਨ. ਸੀ. ਐਸ. ਐਲ.) ਦਾ ਉਦੇਸ਼ ਇੱਕ ਅਜਿਹਾ ਪ੍ਰੋਗਰਾਮ ਬਣਾਉਣਾ ਹੈ ਜਿਸ ਦੇ ਪਾਠਕ੍ਰਮ ਦਾ ਮੁੱਖ ਉਦੇਸ਼ ਸਕੂਲ ਲੀਡਰਸ਼ਿਪ ਦਾ ਵਿਕਾਸ ਕਰਨਾ ਹੈ।

ਅਸੀਂ, ਮਨੁੱਖੀ ਸਰੋਤ ਅਤੇ ਵਿਕਾਸ ਮੰਤਰਾਲੇ ਵੱਲੋਂ ਹਰ ਪੜਾਅ ਤੇ ਲਗਾਤਾਰ ਦਿੱਤੀ ਗਈ ਸਹਾਇਤਾ, ਹੌਂਸਲਾ, ਅਤੇ ਯੋਗ ਅਗਵਾਈ ਲਈ ਤਹਿ ਦਿਲ ਤੋਂ ਧੰਨਵਾਦੀ ਹਾਂ।

ਇਹ ਕਿਤਾਬਚਾ ਰਿਸੋਰਸ ਪਰਸਨਜ਼, ਮਾਹਿਰਾਂ, ਮਾਰਗਦਰਸ਼ਕਾਂ ਅਤੇ ਸਿਖਲਾਈ ਸੰਸਥਾਵਾਂ ਨੂੰ 10 ਰੋਜ਼ਾ ਪਰੋਗਰਾਮ ਵਿੱਚ ਮੁੱਖ ਅਧਿਆਪਕਾਂ ਨੂੰ ਸਕੂਲ ਲੀਡਰਸ਼ਿਪ ਦਾ ਵਿਕਾਸ ਕਰਨ ਹਿਤ ਸੇਧ ਦੇਣ ਲਈ ਲਾਹੇਵੰਦ ਸਿੱਧ ਹੋਵੇਗਾ।

ਇਹ ਪੁਸਤਕ ਸਿੱਧੇ ਤੌਰ ਤੇ ਕੌਮੀ ਅਤੇ ਸੂਬਾ ਪੱਧਰ ਤੇ ਅਲੱਗ- ਅੱਲਗ ਕੀਤੇ ਵਿਚਾਰ ਵਟਾਦਾਰਿਆਂ, ਇਕੱਤਰਤਾਵਾਂ ਅਤੇ NCSL, ਰਾਸ਼ਟਰੀ ਰਿਸੋਰਸ ਗਰੁੱਪ, ਰਾਜ ਸਰਕਾਰਾਂ ਅਤੇ ਰਾਜ ਰਿਸੋਰਸ ਗਰੁੱਪ ਦੀਆਂ ਸਹਿਕਿਰਿਆਵਾਂ ਦਾ ਨਤੀਜਾ ਹੈ।

ਅਸੀ ਆਪਣੇ ਅਨੁਭਵੀ ਸਲਾਹਕਾਰਾਂ ਖਾਸ ਤੌਰ ਤੇ ਸ਼੍ਰੀ ਅਦਿੱਤਿਆਂ ਨਟਰਾਜ, ਸ਼੍ਰੀ ਸੁਨੀਲ ਬੱਤਰਾ ਅਤੇ ਸ਼੍ਰੀਮਤੀ ਸ਼ਸੀ ਮਹਿੰਦੀਰੱਤਾ ਦਾ ਧੰਨਵਾਦ ਕਰਦੇ ਹਾਂ।

ਇਸ ਸੰਸਥਾ ਨੇ ਨੈਸ਼ਨਲ ਕਾਲਜ ਆਫ ਟੀਚਿੰਗ ਐਂਡ ਲੀਡਰਸ਼ਿਪ (ਯੂ.ਕੇ.) ਦੇ ਅਨੁਭਵੀ ਡਾ. ਰਾਬਿਨ ਐਟਫੀਲਡ ਅਤੇ ਡਾ. ਰਸ਼ਮੀ ਸਿਨਹਾ ਦੇ ਸਹਿਯੋਗ ਨਾਲ ਕੰਮ ਕੀਤਾ ਹੈ।

ਅਸੀ, ਸ਼੍ਰੀ ਐਸ. ਕੇ ਭਟਨਾਗਰ, ਸ਼੍ਰੀਮਤੀ ਅਲਕਾ ਨੇਗੀ ਅਤੇ ਸ਼੍ਰੀਮਤੀ ਗੁਰਮੀਤ ਸਾਰੰਗ ਦਾ ਪ੍ਰਸ਼ਾਸ਼ਨਿਕ ਅਤੇ ਸੈਕਰੀਟੇਰੀਅਲ ਮਦਦ ਲਈ ਧੰਨਵਾਦੀ ਹਾਂ ।

ਅਸੀ, ਸ਼੍ਰੀ ਅਤਨੂਰਾਏ, ਸ਼੍ਰੀ ਰਾਜੇਸ਼ ਹਾਂਡਾ ਅਤੇ ਸ਼੍ਰੀ ਬਰਜਿੰਦਰ ਸਿੰਘ ਨੇਗੀ ਦਾ ਇਸ ਪੁਸਤਕ ਲਈ ਡਿਜ਼ੀਟਲ ਨਮੂਨਾ ਤਿਆਰ ਕਰਨ ਲਈ ਧੰਨਵਾਦ ਕਰਦੇ ਹਾਂ।

ਅਸੀਂ NUEPA ਦੀ ਸਾਰੀ ਟੀਮ ਦਾ ਇਸ ਪ੍ਰਕਾਸ਼ਨ ਲਈ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਖਾਸ ਤੌਰ ਤੇ ਸ਼੍ਰੀ ਸੋਮਨਾਥ ਸਰਕਾਰ, ਸ਼੍ਰੀ ਪਰਮੋਦੜ ਰਾਵਤ, ਅਤੇ ਸ਼੍ਰੀ ਅਮਿਤ ਸਿੰਗਾਲ ਦੇ ਅਸੀਂ ਰਿਣੀ ਹਾਂ।

## ਪੰਜਾਬੀ ਅਨੁਵਾਦ ਕਰਤਾ:


**ਡ: ਸੁਨੀਤਾ ਚੁੱਗ**, ਕੋਆਰਡੀਨੇਟਰ
ਅਸੋਸੀਏਟ ਪ੍ਰੋਫੈਸਰ
ਨੈਸ਼ਨਲ ਯੂਨੀਵਰਸਿਟੀ ਆਫ ਐਜੁਕੇਸ਼ਨਲ ਪਲਾਨਿੰਗ ਅਤੇ ਐਡਮੀਨਸਟ੍ਰੇਸ਼ਨ

**ਸ਼੍ਰੀ ਮਤੀ ਬਲਜੀਤ ਕੌਰ,** ਸਟੇਟ ਕੌਆਰਡੀਨੇਟਰ
**ਵਿਸ਼ਾ ਮਾਹਿਰ**
ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਸ਼੍ਰੀ ਮਤੀ ਮਨਜੀਤ ਕੌਰ**
ਵਿਸ਼ਾ ਮਾਹਿਰ
ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਸ਼੍ਰੀਮਤੀ ਰੇਮਨ ਸ਼ਰਮਾ ਲੈਕਚਰਾਰ**
ਡਾਇਟ ਰੋਪੜ

**ਡਾ: ਬਿਮਲਾ ਲੈਕਚਰਾਰ**
ਡਾਇਟ ਰੋਪੜ


## ਸੰਪਾਦਕ


**ਸ਼੍ਰੀ ਮਤੀ ਬਲਜੀਤ ਕੌਰ**
ਵਿਸ਼ਾ ਮਾਹਿਰ
ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

# ਤਤਕਰਾ


ਪ੍ਰਸਤਾਵਨਾ III

ਸਵੀਕਰੀਤੀ V

ਅਨੁਵਾਦ ਕਰਤਾ ਟੀਮ VI

**1. ਭੂਮਿਕਾ** 1

ਨੈਸ਼ਨਲ ਸੈਂਟਰ ਫਾਰ ਸਕੂਲ ਲੀਡਰਸ਼ਿਪ 2

**2. ਆਪਰੇਸ਼ਨਲ ਫਰੇਮਵਰਕ** 4

ਰਾਸ਼ਟਰ ਪੱਧਰ 4

ਰਾਜ ਪੱਧਰ 5

**3. ਸਕੂ.ਲ ਲੀਡਰਸ਼ੀਪ ਪ੍ਰੋਗਰਾਮ ਤੱਕ ਪਹੁੰਚ** 6

ਕੰਪੋਨੈਂਟ -1 ਪਾਠਕ੍ਰਮ ਅਤੇ ਸਮਗਰੀ ਨਿਰਮਾਣ 6

ਕੰਪੋਨੈਂਟ -2 ਕੈਪੈਸਟੀ ਬਿਲਡਿੰਗ 7

ਕੰਪੋਨੈਂਟ -3 ਨੈਟਵਰਕਿੰਗ ਅਤੇ ਸੰਸਥਾਤਮਕ ਨਿਰਮਾਣ 9

**4. ਪਾਠਕ੍ਰਮ ਫਰੇਮਵਰਕ ਫਾਰ ਸਕੂ.ਲ ਲੀਡਰਸ਼ਿਪ ਨਿਰਮਾਣ** 11

ਓਵਰਆਰਕਿੰਗ ਗੋਲਜ਼ 12

ਸਿਧਾਂਤਕ ਅਗਵਾਈ 12

ਪਾਠਕ੍ਰਮ ਲਾਗੂ ਕਰਨਾ 12

**5. ਮਹੱਤਵਪੂਰਣ ਖੇਤਰ** 13

ਕੀ ਏਰਿਆ-1 ਸਕੂਲ ਲੀਡਰਸ਼ਿਪ ਦ੍ਰਿਸ਼ਟੀਕੋਣ 15

ਕੀ ਏਰਿਆ-2 ਸਵੈ ਵਿਕਾਸ 16

ਕੀ ਏਰਿਆ-3 ਸਿੱਖਣ ਸਿਖਾਉਣ ਦੀ ਪ੍ਰਕਿਰਿਆ ਦਾ ਰੂਪਾਂਤਰਣ 17

ਕੀ ਏਰਿਆ-4 ਟੀਮਾਂ ਦੀ ਅਗਵਾਈ ਅਤੇ ਨਿਰਮਾਣ 19

ਕੀ ਏਰਿਆ-5 ਇਨੋਵੇਸ਼ਨਲ ਅਗਵਾਈ 20

ਕੀ ਏਰਿਆ-6 ਸਾਂਝੇਦਾਰੀਆਂ ਦੀ ਅਗਵਾਈ 21

ਕੀ ਏਰਿਆ-7 ਸਕੂਲ ਪ੍ਰਸ਼ਾਸਨ ਦੀ ਅਗਵਾਈ 22

**ਸਮਗਰੀ ਨਿਰਮਾਣ** 25

**ਸਮਗਰੀ ਤਿਆਰ ਕਰਨਾ ਅਨਕੂਲਣ ਅਤੇ ਪ੍ਰਸੰਗੀਕਰਨ** 28


# ਜਾਣਪਛਾਣ


ਹੁਣ ਸਕੂਲ ਆਮ ਜਨਤਾ ਦੇ ਅਧਿਕਾਰ ਖੇਤਰ ਵਿੱਚ ਆ ਚੁੱਕੇ ਹਨ ਅਜਿਹਾ ਪਹਿਲਾਂ ਨਹੀਂ ਸੀ। ਇਸ ਲਈ ਇਹ ਜਰੂਰੀ ਬਣ ਗਿਆ ਹੈ ਕਿ ਸਕੂਲ ਅੱਜ ਦੇ ਗਿਆਨ ਭਰਪੂਰ ਸਮਾਜ ਦੀਆਂ ਉਮੀਦਾਂ ਅਤੇ ਆਸਾਂ ਪੂਰੀਆਂ ਕਰਨ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਕੂਲ ਮੁਖੀਆਂ ਨੂੰ ਸਕੂਲ ਰੁਪਾਂਤਰਣ ਵਿੱਚ ਮੈਨੇਜ਼ਰਾਂ ਅਤੇ ਲੀਡਰਾਂ ਵਾਂਗ ਅਗਵਾਈ ਕਰਤਾ ਦੇ ਰੂਪ ਵਿੱਚ ਜਿੰਮੇਵਾਰੀਆਂ ਨੂੰ ਨਿਭਾਉਣਾ ਹੋਵੇਗਾ। ਭਾਰਤੀ ਸੰਦਰਭ ਵਿੱਚ ਸਕੂਲ ਅਗਵਾਈ ਵਿਕਾਸ ਨੂੰ ਇੱਕ ਯੋਜਨਾਬੱਧ ਢੰਗ ਨਾਲ ਚਲਾਉਣ ਦੀ ਸੋਚ, ਅਧਿਕਾਰਾਂ ਦੇ ਅਧਾਰ ਤੇ ਸਿੱਖਿਆ ਤੱਕ ਪਹੁੰਚ ਸਿੱਖਿਆ ਦੇ ਸਾਰੇ ਅਧਿਕਾਰਾਂ; ਜਿਵੇਂ ਸਿੱਖਿਆ ਦਾ ਸਾਰਿਆਂ ਤੱਕ ਸਮਾਨ ਪਹੁੰਚ ਦਾ ਅਧਿਕਾਰ, ਗੁਣਾਤਮਕ ਸਿੱਖਿਆ ਦਾ ਅਧਿਕਾਰ ਅਤੇ ਖੁਸ਼ਮਈ ਵਾਤਾਵਰਨ ਵਿੱਚ ਪੜ੍ਹਨ ਦਾ ਅਧਿਕਾਰ, ਇਹ ਸਾਰੀਆਂ ਗੱਲਾਂ ਇਕ ਪ੍ਰਭਾਵਸ਼ਾਲੀ ਸਕੂਲ ਅਗਵਾਈ ਕਰਤਾ ਉੱਤੇ ਨਿਰਭਰ ਕਰਦੀਆਂ ਹਨ। ਲੀਡਰਸ਼ਿਪ ਉਹਨਾਂ ਸਕੂਲਾਂ ਲਈ ਜਿਆਦਾ ਮਹੱਵਪੂਰਨ ਹੈ ਜਿਨ੍ਹਾਂ ਕੋਲ ਘੱਟ ਸਾਧਨ ਹਨ, ਪਰ ਸਮਾਜ ਅਤੇ ਮਾਤਾ ਪਿਤਾ ਦੀਆਂ ਆਸ਼ਾਵਾਂ ਤੇ ਉਮੀਦਾਂ ਉਨ੍ਹਾਂ ਸਕੂਲਾਂ ਤੋਂ ਜਿਆਦਾ ਰੱਖੀਆਂ ਜਾਂਦੀਆਂ ਹਨ। ਇਸ ਲਈ ਸਕੂਲ ਮੁਖੀਆਂ ਨੂੰ ਅਜਿਹਾ ਗਿਆਨ ਅਤੇ ਮੁਹਾਰਤ ਮਹੁੱਈਆ ਕਰਵਾਈ ਜਾਵੇ ਤਾਂ ਜੋ ਸਕੂਲ ਮੁਖੀ ਮੌਜੂਦਾ ਹਾਲਤਾਂ ਵਿੱਚ ਆਉਣ ਵਾਲੀਆਂ ਚਣੌਤੀਆਂ ਦਾ ਚੰਗੀ ਤਰਾਂ ਸਾਹਮਣਾ ਕਰਦਿਆਂ ਉਹਨਾਂ ਨੂੰ ਚੰਗੀ ਤਰ੍ਹਾਂ ਸਮਝ ਸਕਣ। ਸਕੂਲਾਂ ਨੂੰ ਸ੍ਰੇਸ਼ਟਤਾ ਦਾ ਕੇਂਦਰ ਬਣਾਉਣ ਲਈ ਸਕੂਲ ਵਿੱਚ ਸਕੂਲ ਮੁਖੀਆਂ, ਅਧਿਆਪਕਾਂ ਅਤੇ ਬੱਚਿਆਂ ਨੂੰ ਰਚਾਨਤਮਕ ਅਤੇ ਕਿਰਿਆਸ਼ੀਲ ਬਣਾਉਣ ਵਾਲੀਆਂ ਗਤੀਵਿਧੀਆਂ ਅਤੇ ਕਿਰਿਆਵਾਂ ਅਯੋਜਿਤ ਕਰਵਾਉਣੀਆਂ ਚਾਹੀਦੀਆਂ ਹਨ ।

ਸਕੂ਼ਲ ਦੀ ਆਪਣੇ ਆਪ ਵਿੱਚ ਜਾਂ ਇਕੱਲੇਪਣ ਵਿੱਚ ਕੋਈ ਹੋਂਦ ਨਹੀਂ ਹੁੰਦੀ ਸਗੋਂ ਇਹ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਸਭਿਆਚਰਕ ਪਹਿਲੂਆਂ ਦਾ ਦਰਪਣ ਹੁੰਦਾ ਹੈ ਜਿਨ੍ਹਾਂ ਵਿੱਚ ਸਮਾਜ ਵਿਚਰਦਾ ਹੈ ਅਤੇ ਕੰਮ ਕਰਦਾ ਹੈ। ਇਸ ਲਈ ਅਸੀ ਸਕੂਲ ਅਗਵਾਈ ਵਿਕਾਸ ਪਰੋਗ੍ਰਾਮ ਵਿੱਚ ਇਸ ਵੱਡੇ ਸਮਾਜਿਕ ਪਹਿਲੂ ਨੂੰ ਨਜ਼ਰ ਅੰਦਾਜ ਨਹੀਂ ਕਰ ਸਕਦੇ ਜਿਸ ਦਾ ਉਦੇਸ਼ ਸਕੂਲ ਨੂੰ ਸ੍ਰੇਸ਼ਟਤਾ ਦਾ ਕੇਂਦਰ ਬਣਾਉਣਾ ਹੈ। ਲੀਡਰਸ਼ਿਪ ਰਾਹੀ ਅਜਿਹੀ ਸੋਚ ਲਿਆਉਣ ਦੀ ਜ਼ਰੂਰਤ ਹੈ ਜੋ ਪ੍ਰੰਬਧਕੀ ਅਤੇ ਪ੍ਰਸ਼ਾਸਨਿਕ ਜਿੰਮੇਵਾਰੀ ਤੋ ਪਰੇ ਹਟ ਕੇ ਸਕੂਲ ਬਦਲਾਵ ਵਿੱਚ ਕਿਰਿਆਸ਼ੀਲ ਹੋਣ। ਇਸ ਸਮਝ ਨਾਲ ਹੀ ਸਕੂਲ ਮੁਖੀ ਸਕੂਲ ਬਦਲਾਵ ਦੇ ਸਮੁੱਚੇ ਪਰੋਗ੍ਰਾਮ ਵਿੱਚ ਪ੍ਰਧਾਨ ਵਜੋਂ ਉਭਰ ਸਕਦਾ ਹੈ। ਬਦਲਾਵ ਲਿਆਉਣ ਲਈ ਸਭ ਤੋਂ ਪਹਿਲਾ ਕਦਮ ਸਕੂਲ ਮੁਖੀਆਂ ਦੀ ਸਮਰੱਥਾ ਦਾ ਨਿਰਮਾਣ ਕਰਨਾ ਹੈ ਜੋ ਸਿੱਖਿਆ ਦੇ ਪੁਰਾਣੇ ਆਦਰਸ਼ਾਂ ਦੇ ਰੂਪ ਵਿੱਚ ਨਹੀਂ ਸਗੋਂ ਇੱਕ ਲੰਬੇ ਸਮੇਂ ਦੇ ਵਿਕਸਿਤ ਸਾਧਨਾ ਦੇ ਰੂਪ ਵਿੱਚ ਸਕੂਲ ਵਿੱਚ ਅਸਲ ਜੀਵਨ ਵਿੱਚ ਆਉਣ ਵਾਲੀਆ ਚਣੌਤੀਆਂ ਦਾ ਸਾਹਮਣਾ ਕਰਨ ਵਾਲੇ ਬਣਾਉਣ ਦੀ ਜ਼ਰੂਰਤ ਨੂੰ ਪੂਰਾ ਕਰੇ। ਇਸ ਦਿਸ਼ਾ ਵਿੱਚ ਸਕੂਲ ਅਗਵਾਈ ਵਿਕਾਸ ਪਰੋਗ੍ਰਾਮ ਦੇਸ਼ ਭਰ ਵਿੱਚ ਸਕੂਲ ਸਿੱਖਿਆ ਦੇ ਹਰ ਇੱਕ ਪੱਧਰ ਤੇ ਸਕੂਲ ਮੁਖੀਆਂ ਦੀ ਸਮਰਥਾ ਵਿੱਚ ਵਾਧਾ ਕਰਨ ਹਿਤ ਲੰਬੇ ਸਮੇਂ ਲਈ ਲਗਾਤਾਰ ਜਾਰੀ ਰੱਖਣ ਲਈ ਚਲਾਇਆ ਜਾ ਰਿਹਾ ਹੈ।

# ਸਕੂਲ, ਲੀਡਰਸ਼ਿਪ ਦਾ ਕੌਮੀ ਕੇਂਦਰ

ਐਨ.ਸੀ.ਐਸ.ਐਲ (National Centre for school leadership) ਦੀ ਸਥਾਪਨਾ NUEPA ਵੱਲੋਂ ਸਧਾਰਨ ਸਕੂਲਾਂ ਨੂੰ ਵੀ ਸਰਵਸ੍ਰੇਸ਼ਟ ਸਕੂਲ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ ਹੈ ਤਾਂ ਜੋ ਸਕੂਲ ਅਗਵਾਈ ਵਿਕਾਸ ਪਰੋਗ੍ਰਾਮ ਰਾਹੀਂ ਸਾਰੇ ਸਕੂਲੀ ਢਾਂਚੇ ਵਿੱਚ ਸੁਧਾਰ ਲਿਆਂਦਾ ਜਾ ਸਕੇ। ਇਸ ਲਈ ਐਨ.ਸੀ.ਐਸ.ਐਲ ਲਈ ਮੁੱਖ ਪ੍ਰਾਥਮਿਕਤਾ ਸਕੂਲ ਮੁਖੀਆ ਨੂੰ ਸਕੂਲ ਵਿੱਚ ਸਕਾਰਾਤਮਿਕ ਬਦਲਾਵ ਲਿਆਉਣ ਲਈ ਤਿਆਰ ਕਰਨਾ ਹੈ। ਇਸ ਵਿੱਚ ਪ੍ਰਬੰਧਕਾਂ ਅਤੇ ਸਲਾਹਕਾਰਾਂ ਦੀਆਂ ਲਗਾਤਾਰ ਚਲ ਰਹੀਆ ਕੋਸ਼ਿਸ਼ਾਂ ਅਤੇ ਇਸ ਨਾਲ ਜੁੜੇ ਭਾਗੀਦਾਰਾਂ ਦੇ ਅਣਥੱਕ ਸਹਿਯੋਗ ਦੀ ਲੋੜ ਹੈ। ਐਨ.ਸੀ.ਐਸ.ਐਲ ਪੂਰੇ ਦੇਸ਼ ਵਿੱਚ ਸਕੂਲ ਸਿੱਖਿਆ ਵਰਗੇ ਮਹੱਤਵਪੂਰਨ ਵਿਸ਼ੇ ਨੂੰ ਵਿਸਥਾਰ ਰੂਪ ਦੇਣਾ ਚਾਹੁੰਦੀ ਹੈ।



NCSL ਦਾ ਵਿਚਾਰ ਇੱਕ ਲਚਕੀਲਾ ਢਾਂਚਾ ਬਣਾਉਣਾ ਹੈ ਜੋ ਅਗਵਾਈ ਵਿਕਾਸ ਪਰੋਗ੍ਰਾਮ ਰਾਹੀਂ ਦੇਸ਼ ਦੇ ਹਰੇਕ ਖੇਤਰ ਦੇ ਸਕੂਲਾਂ ਦੀਆ ਭਿੰਨਤਾਵਾਂ ਨੂੰ ਧਿਆਨ ਵਿੱਚ ਰੱਖੇ। ਇਹ ਕਲਪਨਾ ਕੀਤੀ ਗਈ ਹੈ ਕਿ ਇਹ ਸਾਰੇ ਤਰ੍ਹਾਂ ਦੇ ਸਕੂਲ; ਐਲੀਮੈਂਟਰੀ ਤੋਂ ਸੈਕੰਡਰੀ ਅਤੇ ਹਾਇਰ ਸੈਕੰਡਰੀ, ਵੱਖ-ਵੱਖ ਪ੍ਰਬੰਧਕੀ ਢਾਂਚੇ ਵਾਲੇ, ਭੂਗੋਲਿਕ ਸਥਿਤੀ, ਅਕਾਰ, 'ਤੇ ਹੋਰ ਭਿੰਨਤਾਵਾਂ ਵਾਲੇ ਸਕੂਲਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਜਾ ਸਕੇਗਾ। NCSL ਦਾ ਸੁਪਨਾ ਅਤੇ ਮਿਸ਼ਨ ਸਪਸਟ ਤੌਰ ਤੇ ਦੇਸ਼ ਦੇ ਹਰੇਕ ਸਕੂਲ ਵਿੱਚ ਪਹੁੰਚ ਕੇ ਬਦਲਾਵ ਲਿਆਉਣਾ ਹੈ।

## Vision

**ਸਕੂਲਾਂ ਵਿੱਚ ਬਦਲਾਵ ਲਿਆਉਣ ਲਈ ਨਵੇਂ ਯੁੱਗ ਦੇ ਨੇਤਾ ਜਾਂ ਮੁਖੀਆਂ ਦਾ ਵਿਕਾਸ ਕਰਨਾ ਤਾਂ ਕਿ ਹਰੇਕ ਬੱਚਾ ਸਿੱਖਿਆ ਪ੍ਰਾਪਤ ਕਰੇ ਅਤੇ ਹਰੇਕ ਸਕੂਲ ਸ਼੍ਰੇਸ਼ਟ ਬਣੇ।**

## Mission


**ਸਕੂਲ ਪੱਧਰ ਤੇ ਸੰਸਥਾ ਦੇ ਨਿਰਮਾਣ ਤੋਂ ਲੈ ਕੇ ਗੁਣਾਤਮਕ ਸਿੱਖਿਆ ਦੇਣ ਤੱਕ ਦੇ ਕੰਮਾਂ ਨੂੰ ਪੂਰਾ ਕਰਨ ਲਈ ਲੀਡਰਸ਼ਿਪ ਸਮਰਥਾ ਨੂੰ ਵਧਾਉਣਾ।**





# Operational Framework

ਐਨ.ਸੀ. ਐਸ.ਐਲ ਨਵੀਂ ਪੀੜੀ ਦੇ ਲੀਡਰ ਬਣਾ ਕੇ ਸਕੂਲਾਂ ਦੀ ਨੁਹਾਰ ਬਦਲਣ ਲਈ ਰਾਸ਼ਟਰੀ ਅਤੇ ਸੂਬਾ ਪੱਧਰੀ ਸੰਸਥਾਵਾਂ ਦੇ ਸਹਿਯੋਗ ਨਾਲ ਸਭ ਦੇ ਸਾਂਝੇ ਨਵੇਂ ਸਿੱਖਣ ਤਜਰਬੇ ਉਲੀਕੇਗਾ। ਇਹਨਾਂ ਦਾ ਸੰਖੇਪ ਇਸ ਪ੍ਰਕਾਰ ਹੈ।




## ਰਾਸ਼ਟਰੀ ਪੱਧਰ 'ਤੇ

ਐਨ.ਸੀ.ਐਸ.ਐਲ ਪ੍ਰੋਫੈਸਰ ਆਰ. ਗੋਵਿੰਦਾ, ਉਪ ਕੁਲਪਤੀ (NUEPA) ਦੀ ਅਗਵਾਈ ਹੇਠ ਕੰਮ ਕਰਦਾ ਹੈ। ਇਸ ਨੂੰ ਵਿਸ਼ਾ ਮਾਹਿਰਾਂ ਦੀ ਅਗਵਾਈ ਪ੍ਰਾਪਤ ਹੈ ਜੋ ਨੈਸ਼ਨਲ ਅਡਵਾਈਜ਼ਰੀ ਗੁਰੱਪ (NAG), ਰਾਸ਼ਟਰੀ ਰਿਸੋਰਸ ਗਰੁੱਪ (NRG) ਅਤੇ ਦਿਸ਼ਾ ਨਿਰਦੇਸ਼ਕਾਂ ਵਿੱਚੋਂ ਹਨ। ਐਨ.ਸੀ. ਐਸ.ਐਲ ਦੀ ਟੀਮ (NUEPA) ਵਿਖੇ ਕੌਮੀ ਪੱਧਰ ਤੇ ਸਕੂਲ ਅਗਵਾਈ ਵਿਕਾਸ ਪਰੋਗ੍ਰਾਮ ਦੇ ਸਾਰੇ ਪਹਿਲੂਆਂ ਤੇ ਕੰਮ ਕਰ ਰਹੀ ਹੈ। ਇਹ ਅੰਤਰ ਰਾਸ਼ਟਰੀ ਸਹਿਯੋਗੀਆਂ ਨਾਲ ਵੀ ਕੰਮ ਕਰਦੀ ਹੈ, ਜਿਵੇਂ ਕਿ ਨੈਸ਼ਨਲ ਕਾਲਜ ਫਾਰ ਟੀਚਿੰਗ ਐਂਡ ਲੀਡਰਸ਼ਿਪ (NCTL) ਨਾਟਿੰਗਮ ਯੂਨਾਇਟਡ ਕਿੰਗਡਮ।

## ਸੂਬਾ ਪੱਧਰ 'ਤੇ

ਐਨ.ਸੀ.ਐਸ.ਐਲ ਦਾ ਮੁੱਖ ਉਦੇਸ਼ ਕੇਂਦਰਸਾਸ਼ਿਤ ਪ੍ਰਦੇਸ਼ ਅਤੇ ਸੂਬਿਆਂ ਦੇ ਸਹਿਯੋਗ ਨਾਲ ਉਨ੍ਹਾਂ ਦੀ ਲੋੜ ਅਨੁਸਾਰ ਗਤੀਵਿਧੀਆਂ ਨੂੰ ਤਿਆਰ ਕਰਨਾ ਹੈ। ਇਸ ਸਕੂਲ ਲੀਡਰਸ਼ਿਪ ਪ੍ਰੋਗਰਾਮ ਨੂੰ ਕੇਂਦਰਸਾਸ਼ਿਤ ਪ੍ਰਦੇਸ਼ਾਂ ਅਤੇ ਸੂਬਿਆਂ ਦੀਆਂ ਸੰਸਥਾਵਾ ਦੇ ਨੈਟਵਰਕ ਨਾਲ ਲਾਗੂ ਕੀਤਾ ਜਾਵੇਗਾ।ਸਕੂਲ ਲੀਡਰਸ਼ਿਪ ਵਿਕਾਸ ਲਈ ਸੂਬਿਆਂ ਦੇ ਭਾਗੀਦਾਰ ਮਿਲਕੇ ਰਾਜ ਵਿੱਚ ਇੱਕ ਕੋਰ ਟੀਮ ਤਿਆਰ ਕਰਨਗੇ ਜਿਸਨੂੰ ਸਟੇਟ ਰਿਸੋਰਸ ਗਰੁੱਪ ਦੇ ਨਾਮ ਨਾਲ ਜਾਣਿਆ ਜਾਵੇਗਾ। ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਗਰੁੱਪ ਰਾਜਾਂ ਦੀ ਮੰਗ ਅਨੁਸਾਰ ਪ੍ਰੋਗਰਾਮ, ਸਮਗਰੀ ਅਤੇ ਸਮਰਥਾ ਨਿਰਮਾਣ ਲਈ ਸਹਾਈ ਪ੍ਰੋਗਰਾਮ ਅਤੇ ਲੀਡਰਸ਼ਿਪ ਅਕਾਦਮੀ ਦੇ ਨਿਰਮਾਣ ਲਈ ਮਾਹਿਰ ਅਲੋਚਕ ਐਨ.ਸੀ.ਐਸ.ਐਲ., NUEPA ਲਈ ਤਿਆਰ ਕਰੇਗਾ। ਲੀਡਰਸ਼ਿਪ ਐਕਾਦਮੀ (LA) ਅਤੇ ਸਟੇਟ ਰਿਸੋਰਸ ਗਰੁੱਪ ਕੇਂਦਰ ਦੀਆਂ ਸਾਰੀਆਂ ਹੀ ਗਤੀਵਿਧੀਆਂ ਲਈ ਮੱਦਦ ਕਰਨਗੇ। ਸੋ ਇਹ ਪ੍ਰੋਗਰਾਮ ਇਸ ਤਰੀਕੇ ਨਾਲ ਸਾਰੇ ਹੀ ਰਾਜਾਂ ਲਈ ਇੱਕ ਕਿੱਤਾ ਸਿਖਲਾਈ ਕਮੇਟੀ (PLC) ਤਿਆਰ ਹੋ ਜਾਵੇਗੀ ਜਿਹੜੀ ਐਨ.ਸੀ.ਐਸ.ਐਲ, ਨਿਊਪਾ ਨਾਲ ਜੁੜ ਕੇ ਵਿਚਾਰ ਗੋਸ਼ਟੀ, ਇੰਟਰਨੈੱਟ ਰਾਹੀਂ ਸੈਂਮੀਨਾਰਾਂ ਅਤੇ ਮਾਡਿਊਲਰ ਕੋਰਸ ਰਾਹੀਂ ਕਿੱਤਾ ਵਿਕਾਸ ਵੱਲ ਵਧੇਗੀ।

# ਸਕੂਲ ਅਗਵਾਈ ਪ੍ਰੋਗਰਾਮ ਵੱਲ ਪਹੁੰਚ

ਸਕੂਲ ਅਗਵਾਈ ਵਿਕਾਸ ਦਾ ਕੌਮੀਂ ਕੇਂਦਰ (ਐਨ.ਸੀ.ਐਸ.ਐਲ.) ਦੇਸ਼ ਭਰ ਦੇ ਸਾਰੇ ਹੀ ਸਕੂਲਾਂ ਵਿੱਚ ਇੱਕ ਲਚਕਦਾਰ ਸਕੂਲ ਅਗਵਾਈ ਪ੍ਰੋਗਰਾਮ ਫਰੇਮਵਰਕ ਜੋ ਸਕੂਲਾਂ ਦੀਆਂ ਵਿਭਿੰਨਤਾਵਾਂ ਨੂੰ ਤਵਜੋਂ ਦਿੰਦਾ ਹੋਵੇ ਸ਼ੁਰੂ ਕਰਨ ਦਾ ਸੰਕਲਪ ਲੈਂਦੀ ਹੈ। ਜਿਵੇਂ ਐਲੀਮੈਂਟਰੀ ਤੋਂ ਸੈਕੰਡਰੀ ਅਤੇ ਸੈਕੰਡਰੀ ਤੋਂ ਸੀਨੀਅਰ ਸੈਕੰਡਰੀ ਇਸ ਵਿੱਚ ਅਲੱਗ ਤਰ੍ਹਾਂ ਦੀ ਮੈਨੇਜਮੈਂਟ ਦੇ ਸਕੂਲ, ਅਲੱਗ ਤਰ੍ਹਾਂ ਦੀ ਭੂਗੋਲਿਕ ਸਥਿਤੀਆਂ ਦੇ ਸਕੂਲ ਅਤੇ ਹਰ ਅਕਾਰ ਦੇ ਸਕੂਲ਼ ਹੋਣਗੇ। ਇਸ ਪ੍ਰੋਗਰਾਮ ਨੂੰ ਸਿੱਖਿਆ ਦੇ ਅਧਿਕਾਰ ਦੇ ਖੇਤਰ ਵਿੱਚ ਖਾਸ ਮਹੱਤਤਾ ਪ੍ਰਾਪਤ ਹੋਵੇਗੀ। ਐਨ.ਸੀ.ਐਸ.ਐਲ ਨੇ ਸਕੂਲ ਲੀਡਰਸ਼ਿਪ ਦੀ ਤਰੱਕੀ ਨੂੰ ਪ੍ਰਭਾਵੀ ਕਿਰਿਆਵਾਂ ਨਾਲ ਵਿਚਾਰਿਆ ਹੈ। ਜਿਸ ਵਿੱਚ ਚਾਰ ਹਿੱਸੇ ਹਨ। ਜਿਵੇਂ ਪਾਠਕ੍ਰਮ ਅਤੇ ਭੌਤਿਕ ਵਿਕਾਸ, ਸਮਰੱਥਾ ਸ਼ਕਤੀ, ਨੈਟਵਰਕਿੰਗ ਸੰਸਥਾ ਵਿਕਾਸ ਅਤੇ ਖੋਜ਼ਾਂ ਰਾਹੀਂ ਵਿਕਾਸ ਕਰਨਾ।

ਪਾਠਕ੍ਰਮ ਅਤੇ ਭੌਤਿਕ ਵਿਕਾਸ ਸਟੇਟ ਰਿਸੋਰਸ ਗਰੁੱਪ ਅਤੇ ਸਕੂਲ ਲੀਡਰਾਂ ਨੂੰ ਸਮਰੱਥਾ ਨਿਰਮਾਨ ਲਈ ਅਧਾਰ ਪ੍ਰਦਾਨ ਕਰੇਗਾ। ਨੈਟਵਰਕਿੰਗ ਅਤੇ ਖੋਜ਼ਾਂ ਨੂੰ ਕੰਮ ਦੇ ਖੇਤਰ ਵਿੱਚ ਇੱਕ ਦੂਜੇ ਦੇ ਸਮਾਨੰਤਰ ਵੇਖਿਆ ਗਿਆ ਹੈ। ਜਿਸ ਦੇ ਨਾਲ ਰਿਸੋਰਸ ਪਰਸਨ ਅਤੇ ਸਕੂਲ ਲੀਡਰਾਂ ਨੂੰ ਅਗਵਾਈ ਵਿਕਾਸ ਪਰੋਗ੍ਰਾਮ ਦੀ ਪ੍ਰਕਿਰਿਆ ਦਾ ਵਿਕਾਸ, ਅਯੋਜਣ ਅਤੇ ਅਧਿਐਨ ਲਈ ਇੱਕ ਪਲੇਟਫਾਰਮ ਤੇ ਇਕੱਠੇ ਕੀਤਾ ਜਾਵੇਗਾ। ਲੋੜੀਦੇ ਖੇਤਰਾਂ ਦੇ ਆਪਸੀ ਸਬੰਧਾਂ ਨੂੰ ਪਛਾਣਦਿਆ, ਕੇਂਦਰ ਲਈ ਯੋਜਨਾਬੰਧ ਕਿਰਿਆਵਾਂ ਦੀ ਰੂਪਰੇਖਾ ਬਣਾਈ ਗਈ ਹੈ, ਤਾਂ ਕਿ ਪਾਠਕ੍ਰਮ ਵਿਕਾਸ, ਖੇਤਰੀ ਤਜ਼ਰਬੇ ਅਲੋਚਨਾ ਅਤੇ ਫੀਡ ਬੈਕ ਵਿੱਚ ਤਾਲਮੇਲ ਯਕੀਨੀ ਬਣਾਇਆ ਜਾ ਸਕੇ। ਇਹ ਇਸ ਤਰ੍ਹਾਂ ਨਵੇ ਗਿਆਨ ਨੂੰ ਸਿਰਜਣ ਲਈ, ਯੋਜਨਾਂ ਬਣਾਉਣ ਲਈ, ਪ੍ਰੋਗਰਾਮ ਵਿਕਸਿਤ ਕਰਨ ਲਈ, ਸਮੱਗਰੀ ਤਿਆਰ ਕਰਨ ਲਈ ਸਹਿਯੋਗ ਦੇਵੇਗਾ। ਹੋਰ ਖੇਤਰ ਵਿੱਚ ਕੰਮ ਕਰਨ ਵਾਲਿਆਂ ਲਈ ਹੋਰ ਵਿਸ਼ਵਾਸਯੋਗ ਕਾਰਜ ਯੋਜਨਾਵਾਂ ਬਣਾਉਣ ਲਈ ਅਤੇ ਸਕੂਲ ਲੀਡਰਾਂ ਦੇ ਰਾਹੀ ਪੇਸਾਵਰ ਸਿੱਖਿਆ ਭਾਈਚਾਰੇ ਨੂੰ ਸਹਿਯੋਗ ਦੇਵੇਗਾ।

## ਭਾਗ – 1 ਪਾਠਕ੍ਰਮ ਅਤੇ ਭੋਤਿਕ ਵਿਕਾਸ

ਸਕੂਲ ਲੀਡਰਸਿਪ ਲਈ ਪਾਠਕ੍ਰਮ ਢਾਂਚਾ ਇੱਕ ਵਿਸਤਰਿਤ ਅਤੇ ਲਚਕਦਾਰ ਦਸਤਾਵੇਜ ਹੈ। ਜੋ ਕਿ ਸਕੂਲ ਮੁੱਖੀਆ ਦੀ 21ਵੀਂ ਸਦੀ ਦੀਆਂ ਚੁਣੌਤੀਆਂ ਅਤੇ ਸਕੂਲਾਂ ਦੇ ਸਬੰਧਾਂ ਵਿੱਚ ਉਨ੍ਹਾਂ ਫਰਜਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਪਾਠਕ੍ਰਮ ਢਾਂਚਾ ਖਾਸ ਕਰਕੇ ਛੇ ਪ੍ਰਮੁੱਖ ਖੇਤਰਾਂ ਲਈ ਤਿਆਰ ਕੀਤਾ ਗਿਆ ਹੈ ਜੋ ਕਿ ਸਕੂਲ ਅਗਵਾਈ ਦੀਆਂ ਧਾਰਨਾਂਵਾਂ ਅਤੇ ਯੋਜਨਾਂਵਾਂ ਨਾਲ ਨਜਿੱਠਦੇ ਹਨ। ਇਸ ਦਸਤਾਵੇਜ ਨੂੰ ਕੋਮੀ ਪੱਧਰ ਤੇ ਸਿੱਖਿਆ

ਸ਼ਾਸਤਰੀਆਂ ਅਤੇ ਤਜ਼ਰਬੇਕਾਰਾਂ ਨਾਲ ਵਿਚਾਰ ਕਰਕੇ ਜਿਹੜੇ ਕਿ ਇਸ ਖੇਤਰ ਵਿੱਚ ਪੂਰੇ ਭਾਰਤ ਵਿੱਚ ਜੁੱਟੇ ਹੋਏ ਹਨ ਰਾਹੀ ਵਿਕਸਿਤ ਕੀਤਾ ਗਿਆ ਹੈ।

ਇਸ ਦਸਤਾਵੇਜ ਨੂੰ 2013-14 ਵਿੱਚ ਅੱਠ ਸੂਬਿਆਂ ਵਿੱਚ ਸਟੇਟ ਰਿਸੋਰਸ ਗਰੁੱਪ ਦੇ ਮੈਂਬਰਾਂ ਰਾਹੀਂ ਵੈੱਟ ਕੀਤਾ ਜਾ ਚੁੱਕਾ ਹੈ ਅਤੇ ਇਸ ਨੂੰ ਸਕੂਲ ਮੁਖੀਆਂ ਦੀਆਂ ਬੁਨਿਆਦੀ ਜਰੂਰਤਾਂ ਅਤੇ ਹਾਲਾਤਾਂ ਨੂੰ ਵੇਖਦਿਆਂ ਸਰਲ ਵੀ ਕੀਤਾ ਗਿਆ ਹੈ।

ਇਸ ਸੋਧੇ ਹੋਏ ਰੂਪ ਵਿੱਚ ਸਕੂਲ ਪ੍ਰਸਾਸ਼ਨ ਦੀ ਅਗਵਾਈ ਲਈ 7 ਕੁੰਜੀ-ਖੇਤਰਾਂ ਦਾ ਨਵਾਂ ਨਕਸ਼ ਤਿਆਰ ਕੀਤਾ ਗਿਆ ਹੈ ਜਿਸਨੂੰ 2014-15 ਵਿੱਚ 21 ਰਾਜਾਂ ਵਿੱਚ ਰਿਸੋਰਸ ਗਰੁੱਪ ਅਤੇ ਸਕੂਲ ਮੁਖੀਆਂ ਦੇ ਸਮਰੱਥਾ ਨਿਰਮਾਣ ਲਈ ਵਰਕਸ਼ਾਪਾਂ ਦੇ ਆਯੋਜਣ ਤੋਂ ਮਗਰੋਂ ਸ਼ਾਮਿਲ ਕੀਤਾ ਗਿਆ ਸੀ।

ਭਾਰਤੀ ਸਕੂਲੀ ਪ੍ਰਣਾਲੀ ਵਿੱਚ ਬਹੁਤ ਜਿਆਦਾ ਵਿਭਿੰਨਤਾ ਨੂੰ ਮੰਨਦੇ ਹੋਏ ਇਹ ਕਰੀਕੁਲਮ ਫਰੇਮਵਰਕ ਵੱਖ ਵੱਖ ਰਾਜਾਂ ਦੇ ਵੱਖ ਵੱਖ ਸੰਦਰਭਾਂ ਦੇ ਅਨੁਕੂਲ ਬਣਾਇਆ ਜਾਵੇਗਾ।

### ਉਦੇਸ਼

- ਵਰਤਮਾਨ ਅਤੇ ਆਉਣ ਵਾਲੇ ਸਕੂਲ ਲੀਡਰਾਂ ਲਈ ਪਾਠਕ੍ਰਮ ਤਿਆਰ ਕਰਨਾ ਅਤੇ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਵਧੀਆ ਪ੍ਰੋਗਰਾਮ ਅਯੋਜਿਤ ਕਰਨੇ।
- ਸਕੂਲ ਲੀਡਰਾਂ ਲਈ ਸਮਗਰੀ ਅਤੇ ਸਾਧਨਾਂ ਦਾ ਭੰਡਾਰ ਤਿਆਰ ਕਰਨਾ।
- ਵੱਖ ਵੱਖ ਸਕੂਲਾਂ ਦੀ ਵਿਭਿੰਨਤਾ 'ਤੇ ਅਧਾਰਤ ਲੋੜਾਂ ਅਨੁਸਾਰ ਸਮੱਗਰੀ ਦੀ ਰੂਪ ਰੇਖਾ ਤਿਆਰ ਕਰਨਾ

## ਭਾਗ – 2 ਸਮਰੱਥਾ ਨਿਰਮਾਣ

ਸਮਰੱਥਾ ਨਿਰਮਾਣ ਭਾਗ ਖਾਸ ਕਰਕੇ ਸਕੂਲ ਮੁਖੀਆਂ ਵਿੱਚ ਲੀਡਰਸ਼ਿਪ ਵਿਕਾਸ ਉੱਤੇ ਕੇਂਦਰਤ ਹੈ। ਇਹ ਸੂਬਾ, ਜਿਲ੍ਹਾ, ਬਲਾਕ ਅਤੇ ਕਲਸਟਰ ਪੱਧਰ 'ਤੇ ਸੁਚਾਰੂ ਢੰਗ ਨਾਲ ਸਮਾਬੱਧ ਪ੍ਰੋਗਰਾਮ ਰਾਹੀਂ ਲੀਡਰਸ਼ਿਪ ਟੀਮਾਂ ਦੇ ਸਮਰੱਥਾ ਨਿਰਮਾਣ ਲਈ ਵਚਨਬੱਧ ਹੈ।

ਸਕੂਲ ਮੁਖੀਆਂ ਲਈ ਸਮਰੱਥਾ ਨਿਰਮਾਣ ਪ੍ਰੋਗਰਾਮ ਕਰੀਕੁਲਮ ਫਰੇਮਵਰਕ ਦੇ ਮਹੱਤਵਪੂਰਨ ਖੇਤਰਾਂ ਦੇ ਅਧਾਰਤ ਤਿਆਰ ਕੀਤਾ ਜਾਵੇਗਾ ਜਿਸਨੂੰ ਲੋੜਾਂ ਅਨੁਸਾਰ ਉਲੀਕੇ ਗਏ ਪ੍ਰੋਗਰਾਮਾਂ ਰਾਹੀਂ ਸੁਵਿਧਾਜਨਕ ਅਤੇ ਯੋਗ ਵਾਤਾਵਰਣ ਵਿੱਚ ਲਾਗੂ ਕੀਤਾ ਜਾ ਸਕੇ। ਇਸਦਾ ਮੁੱਖ ਉਦੇਸ਼ ਸਕੂਲ ਮੁੱਖੀਆਂ ਨੂੰ ਲੋੜ ਅਨੁਸਾਰ ਸਮਗਰੀ ਅਤੇ ਪ੍ਰੋਯੋਗਾਤਮਿਕ ਜਾਣਕਾਰੀ ਦੇਣਾ ਹੈ ਤਾਂ ਜੋ ਉਹ ਆਪਣੇ ਗਿਆਨ ਅਤੇ ਕੋਸ਼ਲ ਨੂੰ ਵਰਤਣ ਦੇ ਯੋਗ ਹੋ ਸਕਣ।

ਇਹ ਪ੍ਰੋਗਰਾਮ ਸਮੁੱਚੇ ਦੇਸ਼ ਵਿੱਚ ਲੋੜਾਂ ਅਤੇ ਟੀਚਿਆਂ ਤੇ ਅਧਾਰਿਤ ਕਈ ਤਰ੍ਹਾਂ ਦੇ ਛੋਟੇ ਅਤੇ ਵੱਡੇ ਕੋਰਸਾਂ ਦੀ ਰੂਪ ਰੇਖਾ ਵਿੱਚ ਸ਼ੁਰੂ ਕੀਤਾ ਜਾਵੇਗਾ। ਇਹ ਸਕੂਲ ਲੀਡਰਾਂ

ਦੇ ਸਮਰੱਥਾ ਨਿਰਮਾਣ ਨੂੰ ਵੇਖਦਿਆ, ਸਕੂਲਾਂ ਵਿੱਚ ਸੁਧਾਰ ਲਿਆਉਣ ਲਈ ਜਾਰੀ ਕੀਤਾ ਜਾਵੇਗਾ। ਇਹ ਸੂਬਾ ਅਤੇ ਜਿਲ੍ਹਾ ਪੱਧਰ ਤੇ ਫੈਕਲਟੀ ਲਈ ਲੀਡਰਸ਼ਿਪ ਵਿਕਾਸ ਪ੍ਰੋਗਰਾਮ ਉਲੀਕਣ ਅਤੇ ਆਯੋਜਿਤ ਕਰਨ ਲਈ ਤਿਆਰ ਕਰੇਗਾ ਜੋ ਵਿਅਕਤੀਗਤ ਤੋਰ ਤੇ ਸੋਚਣ ਲਈ ਨਵੇਂ ਰਾਹਾਂ ਵੱਲ ਤੋਰੇਗਾ।

## ਉਦੇਸ਼

- ਸਕੂਲ ਮੁੱਖੀਆ ਨੂੰ ਇਸ ਯੋਗ ਬਣਾਉਣਾ ਕਿ ਉਹ ਆਪਣੀ ਸੋਚ ਅਤੇ ਖੋਜ਼ ਰਾਹੀ ਸਕੂਲ ਪ੍ਰਬੰਧਕ ਬਣ ਜਾਣ।
- ਇੱਕ ਤਜ਼ਰਬੇਕਾਰ ਅਲੋਚਕਾਂ ਦਾ ਸੰਘ ਤਿਆਰ ਕਰਨਾ ਜਿਹੜਾ ਕਿ ਸਕੂਲ ਲੀਡਰਸ਼ਿਪ ਪ੍ਰੋਗਰਾਮ ਨੂੰ ਰਾਜਾਂ ਅਤੇ ਕੇਦਰ ਸ਼ਾਸਿਤ ਪ੍ਰਦੇਸ਼ਾ ਵਿੱਚ ਅੱਗੇ ਲੈ ਕੇ ਜਾ ਸਕੇ।
- ਸਕੂਲ ਮੁੱਖੀ ਵਿੱਚ ਪੜ੍ਹਣ- ਪੜ੍ਹਾਉਣ ਦੀ ਪ੍ਰਕਿਰਿਆ, ਨਿੱਜੀ ਪੱਧਰ, ਪ੍ਰੋਫੈਸ਼ਨਲ ਡਿਵੈਲਪਮੈਂਟ, ਸਕੂਲੀ ਪ੍ਰਥਾ ਵਿੱਚ ਨਵਾਂ ਵਿਕਾਸ, ਅਤੇ ਭਾਈਚਾਰਕ ਖੇਤਰਾਂ ਵਿੱਚ ਯੋਗ ਸਮਰੱਥਾ ਸ਼ਕਤੀ ਲਿਆਉਣਾ।
- ਲੋਕਲ ਪੱਧਰ ਤੇ ਲੋਕਾਂ ਨੂੰ ਲੀਡਰਸ਼ਿਪ ਦੀਆਂ ਸ਼ਕਤੀਆ ਪ੍ਰਦਾਨ ਕਰਦਿਆਂ ਐਸ.ਐਮ.ਸੀ, ਐਸ.ਡੀ.ਐਮ.ਸੀ, ਵੀ.ਈ.ਸੀ, ਪੀ.ਟੀ.ਏ, ਐਮ.ਟੀ.ਏ ਰਾਹੀ ਸਕੂਲੀ ਪ੍ਰਥਾ ਵਿੱਚ ਗੁਣਾਤਮਕ ਯੋਗਦਾਨ ਦੇਣਾ।

ਇਸ ਪ੍ਰੋਗਰਾਮ ਨੂੰ ਐਨ.ਸੀ.ਐਸ.ਐਲ ਦੀ ਮੱਦਦ ਅਤੇ ਨਿਗਰਾਨੀ ਅਧੀਨ ਲਾਗੂ ਕਰਨ ਦੀ ਜਿੰਮੇਵਾਰੀ ਰਾਜਾਂ ਦੀ ਹੋਵੇਗੀ। ਇਸ ਗੱਲ ਉੱਤੇ ਜ਼ੋਰ ਦਿੱਤਾ ਜਾਵੇਗਾ ਕਿ ਭਾਗੀਦਾਰ ਪ੍ਰੋਸੈਸ ਬੇਸਡ ਮਟੀਰਿਅਲ ਰਾਹੀ ਜਾਣਕਾਰੀ ਅਤੇ ਕੋਸ਼ਲ ਸਿੱਖਣ ਯੋਗ ਬਣ ਜਾਣ। ਉਹ ਪਾਠਕ੍ਰਮ, ਵਿਸ਼ਾ-ਵਸਤੂ ਅਤੇ ਸਮਗਰੀ ਨੂੰ ਅਪਣਾ ਲੈਣ। ਹਰ ਸੂਬੇ ਵਿੱਚੋਂ ਵਿਸ਼ੇਸ ਅਗਵਾਈ ਦਸਤਾਵੇਜਾਂ ਦੀ ਵਧੀਆ ਕੇਸ ਸਟੱਡੀਜ਼ ਨੂੰ ਚੁਣਕੇ ਦਸਤਾਵੇਜ਼ ਤਿਆਰ ਕੀਤੇ ਜਾਣਗੇ ਜਿੰਨ੍ਹਾਂ ਨੂੰ ਰਾਜਾਂ ਦੁਆਰਾ ਖਾਸ ਜਿਲ੍ਹਿਆਂ ਕਲੱਸਟਰਾਂ ਵਿੱਚ ਸਾਜੋ- ਸਮਾਨ ਲਈ ਵਰਤਿਆ ਜਾਵੇਗਾ।

ਸਮਰੱਥਾ ਨਿਰਮਾਣ ਪ੍ਰੋਗਰਾਮ ਸਕੂਲ ਲੀਡਰਸ਼ਿਪ ਵਿਕਾਸ ਦੇ ਦਾਇਰੇ ਨੂੰ ਹੋਰ ਵਧਾਉਣਗੇ ਜੋ ਸਟੇਟ ਰਿਸੋਰਸ ਗਰੁੱਪ ਵੱਲੋਂ ਮੁਹਈਆ ਕਰਵਾਏ ਗਏ ਫੈਸਿਲੀਟੇਟਰਾਂ ਅਤੇ ਵਿਸ਼ਾ ਮਾਹਿਰਾਂ ਦੀ ਮਦਦ ਨਾਲ ਸਕੂਲ ਮੁਖੀਆਂ ਨੂੰ ਮੌਕੇ ਤੇ ਸੇਧ ਅਤੇ ਸਿਖਲਾਈ ਦੇਣ ਲਈ ਵਚਨਬੱਧ ਹੋਣਗੇ।

## ਕੰਪੋਨੈਂਟ 3: ਨੈੱਟਵਰਕਿੰਗ ਅਤੇ ਇੰਸਟੀਚੂਸ਼ਨਲ ਬਿਲਡਿੰਗ
**(Networking and Institutional Building)**

ਐਨ.ਸੀ.ਐਸ.ਐਲ, ਦੇਸ਼ ਦੇ ਸਾਰੇ ਸੁਬਿਆ ਦੇ ਬੱਚਿਆਂ ਲਈ ਗੁਣਾਤਮਕ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਸੰਸਥਾਵਾਂ, ਪ੍ਰੋਫੈਸ਼ਨਲਾਂ ਅਤੇ ਮਾਹਿਰ ਵਿਅਕਤੀਆਂ ਦੇ ਨੈੱਟਵਰਕ ਰਾਹੀ ਰਾਜਾਂ ਨਾਲ ਲੰਬੇ ਸਮੇਂ ਤੱਕ ਕੰਮ ਕਰਨ ਦਾ ਸੰਕਲਪ ਲੈਂਦਾ ਹੈ। ਇਸ ਸੰਕਲਪ ਨੂੰ ਪੂਰਾ ਕਰਨ ਲਈ ਸਕੂਲ ਲੀਡਰਸਿਪ ਏਜੰਡਾ ਵਿੱਚ ਗੁਣਾਤਮਕ ਤਬਦੀਲੀਆ ਦਾ ਹੋਣਾ ਅਤੀ ਜਰੂਰੀ ਹੈ। ਐਨ.ਸੀ.ਐਸ.ਐਲ ਸਾਰੀਆਂ ਪ੍ਰੋਫੈਸ਼ਨਲ ਸੰਸਥਾਵਾਂ; ਨਿੱਜੀ, ਸਰਕਾਰੀ ਅਤੇ ਗੈਰ ਸਰਕਾਰੀ ਜੋ ਕਿ ਸਕੂਲ ਲੀਡਰਸ਼ਿਪ ਦੇ ਖੇਤਰ ਵਿੱਚ ਪਹਿਲਾਂ ਤੋਂ ਹੀ ਕੰਮ ਕਰ ਰਹੇ ਹਨ ਜਾਂ ਇਸ ਖੇਤਰ ਵਿੱਚ ਕੰਮ ਕਰਨ ਦੀ ਇੱਛਾ ਰੱਖਦੇ ਹੋਣ ਅਤੇ ਸੂਬਾ ਪੱਧਰ, ਜਿਲ੍ਹਾ, ਬਲਾਕਾਂ ਅਤੇ ਕਲਸਟਰ ਪੱਧਰ ਦੀਆਂ ਸਾਰੀਆਂ ਰਿਸੋਰਸ ਸੰਸਥਾਵਾਂ ਅਤੇ ਦਫਤਰਾਂ ਨਾਲ ਸਕੂਲ ਲੀਡਰਸ਼ਿਪ ਵਿਕਾਸ ਲਈ ਭਾਗੀਦਾਰੀ ਕਰਨਾ ਚਾਹੁੰਦਾ ਹੈ।

ਕੇਂਦਰ ਹਰ ਸੂਬੇ ਵਿੱਚ ਇਸ ਪ੍ਰੋਜੈਕਟ ਨੂੰ ਸਟੇਟ ਰਿਸੋਰਸ ਗਰੁੱਪ, ਚੁਣੇ ਹੋਏ ਜਿਲਿਆਂ ਵਿੱਚ ਮੋਜੂਦ ਸਹਾਇਕ ਸੰਸਥਾਵਾਂ ਅਤੇ ਇੱਕ ਨੋਡਲ ਸੰਸਥਾ ਰਾਹੀਂ ਚਲਾਉਣ ਦਾ ਸੁਪਨਾ ਵੇਖਦਾ ਹੈ। ਕੇਂਦਰ ਇਹ ਵੀ ਕਲਪਨਾ ਕਰਦਾ ਹੈ ਕਿ ਦੂਜੀਆਂ ਸੰਸਥਾਵਾਂ ਨਾਲ ਮਿਲ ਕੇ ਸੂਬਾ ਪੱਧਰੀ ਲੀਡਰਸ਼ਿਪ ਦੀ ਐਕਾਦਮੀ ਤਿਆਰ ਕੀਤੀ ਜਾਵੇ। ਇਹ ਲੀਡਰਸ਼ਿਪ ਐਕਾਦਮੀ ਨੈਸ਼ਨਲ ਸੈਂਟਰ ਦੀ ਹੀ ਇੱਕ ਸਾਖ ਵਜੋਂ ਕੰਮ ਕਰੇਗੀ। ਇਹ ਲੀਡਰਸ਼ਿਪ ਐਕਾਦਮੀ ਜ਼ਿਲਿਆਂ, ਬਲਾਕਾਂ ਉੱਤੇ ਸੰਸਥਾਵਾਂ ਦੀਆਂ ਜ਼ਰੂਰਤਾਂ ਅਨੁਸਾਰ ਸਿੱਧੇ ਤੌਰ ਤੇ ਕੰਮ ਕਰੇਗੀ। ਹਰ ਰਾਜ ਵਿੱਚ ਸਟੇਟ ਰਿਸੋਰਸ ਗਰੁੱਪ ਦੀ ਟੀਮ ਰਾਹੀ, ਲੀਡਰਸ਼ਿਪ ਐਕਾਦਮੀ ਬਣਾਈ ਜਾਵੇਗੀ।

## ਉਦੇਸ਼

- ਰਾਜ ਸਰਕਾਰਾਂ ਦੀ ਮਦਦ ਨਾਲ ਲੀਡਰਸ਼ਿਪ ਅਕਾਦਮੀ ਦਾ ਨਿਰਮਾਣ ਕਰਨਾ, ਜਿਹੜੀ NCSL ਅਤੇ ਲੀਡਰਸ਼ਿਪ ਅਕਾਦਮੀ ਵਿਚਕਾਰ ਸਹਿਯੋਗ ਦਾ ਕੰਮ ਕਰੇ।
- ਸਕੂਲ ਮੁਖੀਆਂ ਮੁਢਲੇ ਪੱਧਰ ਦੇ ਪ੍ਰਬੰਧ, ਸਕੂਲ ਕਲਸਟਰ, ਬਲਾਕ, ਜ਼ਿਲਾ ਪੱਧਰ ਤੇ SMC ਅਤੇ ਹੋਰ ਕਮਿਉਨਟੀ ਮੈਬਰਾਂ ਵਿੱਚ ਸਹਿਯੋਗ ਸਥਾਪਿਤ ਕਰਨਾ।
- ਜ਼ਿਲਾ, ਰਾਜ ਅਤੇ ਖੇਤਰੀ ਪੱਧਰ ਤੇ ਸਕੂਲ ਲੀਡਰਾਂ ਦੀ ਪ੍ਰੋਫੈਸ਼ਨਲ ਕਮਿਉਨਟੀ ਬਣਾਉਣਾ, ਜਿਹੜੀ ਆਪਣੇ ਤਜ਼ਰਬਿਆਂ ਰਾਹੀ ਲੀਡਰਸ਼ਿਪ ਵਿਕਾਸ ਨੂੰ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਦੇਸ਼ ਵਿੱਚ ਲਾਗੂ ਕਰੇ।

ਐਨ.ਸੀ.ਐਸ.ਐਲ ਲੀਡਰਸ਼ਿਪ ਅਕਾਦਮੀ ਦੇ ਨਿਰਮਾਣ ਲਈ ਰਾਜ ਸਰਕਾਰਾਂ ਅਤੇ ਹੋਰ ਸੰਸਥਾਵਾਂ ਨਾਲ ਵਿਚਾਰ ਵਟਾਂਦਰਾਂ ਅਤੇ ਗੱਲ ਬਾਤ ਕਰਨ ਵਿੱਚ ਪਹਿਲ ਕਦਮੀ ਕਰੇਗੀ। ਹਰ ਇੱਕ ਲੀਡਰਸ਼ਿਪ ਅਕਾਦਮੀ ਭੂਗੋਲਿਕ ਖੇਤਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੁੱਝ ਚੁਣੀਆਂ ਸੰਸਥਾਵਾਂ ਵਿੱਚ ਹੀ ਸ਼ੁਰੂ ਕੀਤੀ ਜਾਵੇਗੀ। ਇਹ ਅਕਾਦਮੀ ਰਾਜ ਸਰਕਾਰ ਅਤੇ ਕੇਂਦਰਸਾਸ਼ਿਤ ਪ੍ਰਦੇਸ਼ਾਂ ਦੇ ਸਿੱਖਿਆ ਵਿਭਾਗ ਦੇ ਸਟੇਟ ਰਿਸੋਰਸ ਗਰੁੱਪ ਨਾਲ ਮਿਲ ਕੇ ਕੰਮ ਕਰੇਗੀ। ਇਸ ਅਕਾਦਮੀ ਨੂੰ ਆਪਣੇ ਮੈਂਬਰਾਂ ਤੋਂ ਇਲਾਵਾਂ ਹੋਰ ਸਥਾਨਕ ਮਾਹਿਰ, ਸਕੂਲ ਮੁਖੀ, ਵਲੰਟਿਅਰ ਅਤੇ ਸੇਵਾ-ਮੁਕਤ ਸਕੂਲ ਮੁਖੀ ਸਕੂ.ਲ ਵਿਕਾਸ ਵਿੱਚ ਲਗਾਤਾਰ ਪ੍ਰੋਫੈਸ਼ਨਲ ਵਿਚਾਰ ਵਟਾਂਦਰੇ ਰਾਹੀਂ ਆਪਣਾ ਹੱਥ ਵਟਾਉਣਗੇ। ਇਹ ਪ੍ਰਫੈਸ਼ਨਲ ਕਮਿਉਨਟੀ ਕਲਸਟਰ ਪੱਧਰ, ਬਲਾਕ ਅਤੇ ਜ਼ਿਲਾ ਪੱਧਰ 'ਤੇ ਆਪਣੇ ਉੱਤਮ ਸਿੱਖਣ ਤਜ਼ਰਬੇ ਦਾ ਅਦਾਨ-ਪ੍ਰਦਾਨ ਸਾਂਝਾ ਕਰਨਗੇ। ਕੁੱਝ ਸਮੇਂ ਬਾਅਦ ਪੀ. ਐਲ. ਸੀ. ਦਾ ਨੈੱਟਵਰਕ ਜ਼ਿਲ੍ਹਿਆ, ਰਾਜਾਂ, ਖੇਤਰਾਂ ਅਤੇ ਕੇਂਦਰ ਪੱਧਰ ਉੱਤੇ ਜਿੱਥੇ ਵੀ ਜ਼ਰੂਰਤ ਹੋਵੇ ਬਣਾਇਆ ਜਾਵੇਗਾ।

## ਭਾਗ-:4: ਖੋਜ਼ ਅਤੇ ਵਿਕਾਸ

ਸਾਡੀ ਸੋਚ ਅਤੇ ਸਮਝ ਨੂੰ ਗਹਿਰਾ ਕਰਨ ਅਤੇ ਨਵੀਂ ਜਾਣਕਾਰੀ ਦੇਣ ਲਈ ਖੋਜ ਅਤੇ ਵਿਕਾਸ ਦੀ ਲੋੜ ਹੁੰਦੀ ਹੈ। ਇਸ ਦਾ ਪ੍ਰਯੋਗ ਸਕੂਲਾਂ ਦੇ ਸਰਵ-ਪੱਖੀ ਵਿਕਾਸ ਅਤੇ ਪਾਠਕ੍ਰਮ ਨਿਰਮਾਣ ਲਈ ਕੀਤਾ ਜਾਂ ਸਕਦਾ ਹੈ। ਕੇਂਦਰ ਹੋਰ ਖੋਜੀ ਸੰਸਥਾਵਾਂ ਅਤੇ ਮਾਹਿਰਾਂ ਸਹਿਯੋਗ ਨਾਲ ਸਾਂਝੇ ਪ੍ਰੋਗਰਾਮ ਚਲਾਏਗਾ।

### ਉਦੇਸ਼

- ਉੱਤਮ ਲੀਡਰਸ਼ਿਪ ਤਜ਼ਰਬਿਆਂ ਨੂੰ ਇੱਕਤਰ ਕਰਕੇ ਉਹਨਾਂ ਦੇ ਦਸਤਾਵੇਜ਼ ਤਿਆਰ ਕਰਨੇ ਅਤੇ ਛਾਪਣੇ।
- ਭਾਰਤੀ ਸੰਦਰਭ ਵਿੱਚ ਸਕੂ.ਲ .ਲੀਡਰਸ਼ਿਪ ਦਾ ਵਿਕਾਸ ਕਰਦਿਆਂ ਨਵੀਂ ਜਾਣਕਾਰੀ ਦੇਣਾ।

ਸਮੁੱਚਾ ਸਕੂਲ ਲੀਡਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਕਰੀਕੁਲਮ ਫਰੇਮਵਰਕ ਅਤੇ ਹੈਂਡਬੁੱਕ ਦੀ ਸੇਧ ਰਾਹੀਂ ਚਲਾਇਆ ਜਾਵੇਗਾ। ਪਾਠਕ੍ਰਮ ਫਰੇਮਵਰਕ ਦਾ ਅਗਲੇ ਭਾਗਾਂ ਵਿੱਚ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ ਹੈ।

# ਸਕੂਲ ਲੀਡਰਸ਼ਿਪ ਵਿਕਾਸ ਲਈ ਪਾਠਕ੍ਰਮ ਦਾ ਫਰੇਮਵਰਕ

ਕੇਂਦਰ ਨੇ ਸਕੂਲ ਲੀਡਰਸ਼ਿਪ ਵਿਕਾਸ ਲਈ ਮੁੱਖ ਕੰਮ ਵਜੋਂ ਪਾਠਕ੍ਰਮ ਫਰੇਮਵਰਕ ਤਿਆਰ ਕੀਤਾ ਹੈ। ਇਹ ਪਾਠਕ੍ਰਮ ਉਹਨਾਂ ਸਕੂਲ ਮੁੱਖੀਆਂ ਨੂੰ ਖਾਸ ਤਵਜੋਂ ਦੇਵੇਗਾ ਜਿੰਨ੍ਹਾਂ ਦੀ ਸਕੂਲਾਂ ਦੇ ਬਦਲਾਵ ਵਿੱਚ ਮੁੱਖ ਭੂਮਿਕਾ ਰਹੀ ਹੋਵੇਗੀ। ਇਸੇ ਤਰਾਂ, ਇਸ ਦਾ ਉਦੇਸ਼ ਸਕੂਲ਼ ਮੁੱਖੀਆਂ ਨੂੰ ਗਿਆਨ, ਕੌਸ਼ਲ ਅਤੇ ਆਤਮਵਿਸ਼ਵਾਸ ਪ੍ਰਦਾਨ ਕਰਨਾ ਹੈ ਜਿਸ ਨਾਲ ਉਹ ‘‘ਹਾਂ, ‘ਮੈਂ ਕਰ ਸਕਦਾ ਹਾਂ’ ਅਤੇ ‘ਮੈਂ ਕਰਾਗਾਂ’ ਦੇ ਦ੍ਰਿਸ਼ਟੀ ਕੋਣ ਨੂੰ ਇਹ ‘ਅਸੀਂ ਕਰ ਸਕਦੇ ਹਾਂ’ ਅਤੇ ‘ਅਸੀਂ ਕਰਾਂਗੇ’ ਵਿੱਚ ਬਦਲਣ ਦੀ ਜਿੰਮੇਵਾਰੀ ਲੈਣ ਦੇ ਯੋਗ ਬਣ ਜਾਣ ਕਿ ਅੱਗੇ ਤੋਂ ਇਹ ਵਿਸ਼ਵਾਸ਼ ਦੇਵੇ ਕਿ ਹਰ ਬੱਚਾ ਸਿੱਖਦਾ ਹੈ ਅਤੇ ਹਰ ਸਕੂਲ ਵਧੀਆ ਹੈ। ਇਹੀ ਪਹਿਲੂ ਸਕੂਲ ਲੀਡਰਾਂ ਨੂੰ ਆਤਮ ਵਿਸ਼ਵਾਸ਼ੀ ਬਣਾਉਣ, ਆਪਣੀ ਨਿੱਜੀ ਅਤੇ ਪੇਸ਼ਾਵਰ ਕੌਸ਼ਲ ਦਾ ਵਿਕਾਸ ਕਰਨ, ਪੜ੍ਹਨ ਪੜ੍ਹਾਉਣ ਦੀਆਂ ਨੀਤੀਆਂ ਵਿੱਚ ਸੁਧਾਰ ਲਿਆਉਣ, ਬੱਚਿਆਂ ਦੇ ਅਧਿਕਾਰਾਂ ਤੇ ਜਾਣੂ ਕਰਵਾਉਣ ਅਤੇ ਸਟੇਕ ਹੋਲਡਰਜ਼ ਨਾਲ ਪ੍ਰਭਾਵਸ਼ਾਲੀ ਭਾਗੀਦਾਰੀ ਨਿਭਾਉਣ ਲਈ ਐਨ.ਸੀ. ਐਸ. ਐਲ ਰਾਹੀਂ ਤਿਆਰ ਸੇਧ ਦਿੱਤੀ ਜਾਵੇਗੀ।

## ਟੀਚੇ (Overaching Goals)

ਸਕੂਲ ਮੁਖੀਆਂ ਨੂੰ ਸਕੂਲਾਂ ਵਿੱਚ ਅਜਿਹਾ ਬਦਲਾਵ ਲਿਆਉਣ ਦੇ ਯੋਗ ਬਣਾਉਣਾ ਜੋ ਵਿਦਿਆਰਥੀਆਂ ਦੇ ਸਿੱਖਣ ਅਤੇ ਵਿਕਾਸ 'ਤੇ ਕੇਂਦਰਤ ਹੋਵੇ।

## ਸੇਧਾਂ ਦੇ ਸਿਧਾਂਤ (Guiding Principles)

ਕਰੀਕੁਲਮ ਫਰੇਮਵਰਕ ਇਸ ਤਰੀਕੇ ਨਾਲ ਤਿਆਰ ਕੀਤਾ ਜਾਵੇ ਜਿਸ ਰਾਹੀਂ ਸਕੂਲ਼ ਮੁਖੀਆਂ ਵਿੱਚ ਆਪਣੇ ਪੇਸ਼ੇ ਨੂੰ ਪ੍ਰਫੁੱਲਤ ਕਰਨ ਅਤੇ ਉੱਤਮ ਬਨਾਉਣ ਦੀ ਇੱਛਾ ਪੈਦਾ ਕੀਤੀ ਜਾ ਸਕੇ।ਬਾਲਗਾਂ ਦੇ ਸਿੱਖਣ ਦੇ ਤਰੀਕੇ ਅਲੱਗ ਹਨ।ਬਾਲਗਾਂ ਦੇ ਸਿੱਖਣ ਲਈ ਪਾਠ ਸਮਗਰੀ ਅਜਿਹੀ ਭਾਸ਼ਾ ਵਿੱਚ ਹੋਵੇ ਜਿਸ ਨੂੰ ਆਸਾਨੀ ਨਾਲ ਦੂਜੀਆਂ ਭਾਰਤੀ ਭਾਸ਼ਾਵਾਂ ਵਿੱਚ ਤਬਦੀਲ ਕੀਤਾ ਜਾ ਸਕੇ। ਮੁੱਖੀ ਇਸ ਸਮੱਗਰੀ ਨੂੰ ਆਪਣੇ ਤਰੀਕੇ ਨਾਲ ਅਤੇ ਲੈਅ ਅਨੁਸਾਰ ਵਰਤੋਂ ਵਿੱਚ ਲਿਆ ਸਕਣ।ਭਾਵੇਂ ਪਾਠਕ੍ਰਮ ਨਿਰਧਾਰਿਤ ਵਿਧੀਆਂ ਅਤੇ ਸਿਧਾਂਤਾਂ ਦੇ ਅਨੁਸਾਰ ਹੋਵੇ ਪਰ ਵਿਸ਼ਾ ਵਸਤੂ ਅਤੇ ਤਰੀਕਾ ਅਜਿਹਾ ਹੋਵੇ ਜਿਹੜਾ ਸਕੂ਼ਲ ਲੀਡਰਸ਼ਿਪ ਪ੍ਰਥਾ ਉਤੇ ਅਧਾਰਿਤ ਹੋਵੇ। ਇਹ ਫਰੇਮਵਰਕ ਇਸ ਸੋਚ ਅਤੇ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਸਕੂਲ ਮੁੱਖੀਆਂ ਦੀ, ਸਕੂ਼ਲ ਪ੍ਰਬੰਧਕਾਂ, ਭਾਈਚਾਰੇ ਅਤੇ ਅਧਿਆਪਕਾਂ ਨਾਲ ਲਗਾਤਾਰ ਗਤੀਸ਼ੀਲ ਸਾਂਝ ਬਣੀ ਰਹੇ ।

## ਕਰੀਕੁਲਮ ਨੂੰ ਲਾਗੂ ਕਰਨਾ (Curriculum Implementation)

ਇਹ ਫਰੇਮਵਰਕ ਭਾਗੀਦਾਰੀ ਪਹੁੰਚ ਦੁਆਰਾ ਸਕੂ਼ਲ ਮੁੱਖੀਆਂ ਦੀ ਕੈਪਿਸਟੀ ਬਿਲਡਿੰਗ ਕਰਨ ਲਈ ਵਚਨਬੱਧ ਹੈ। ਇਸ ਪਾਠਕ੍ਰਮ ਨੂੰ ਲਾਗੂ ਕਰਨ ਲਈ ਤਰੀਕੇ ਅਤੇ ਪਹੁੰਚ ਤਜ਼ਰਬੇ ਨਾਲ ਸਿੱਖਣ, ਮਨੀਟਰਿੰਗ, ਅਲੋਚਨਾਤਮਕ ਪ੍ਰਭਾਵ ਅਤੇ ਫੀਲਡ ਪੱਧਰੀ ਰੁਝੇਵਿਆਂ ਦੇ ਅਧਾਰਤ ਹੋਣਗੇ ।ਫਰੇਮ ਵਰਕ ਲਗਾਤਾਰ ਸਿਸਟਮ ਵਿੱਚ ਸੋਧ ਕਰਨ ਅਤੇ ਨਵੀਨੀਕਰਨ ਲਈ ਅਤੇ ਫੈਸਿਲੀਟੇਟਰਾਂ ਅਤੇ ਸਕੂਲ ਲੀਡਰਾਂ ਨੂੰ ਨੇੜੇ ਲਿਆਵੇਗਾ।

# ਪ੍ਰਮੁੱਖ ਖੇਤਰ (Key Areas)

ਐਲੀਮੈਂਟਰੀ ਅਤੇ ਸਕੈਂਡਰੀ ਸਕੂਲਾਂ ਵਿੱਚ ਸਕੂਲ ਲੀਡਰਸ਼ਿਪ ਦੇ ਵਿਕਾਸ ਸਬੰਧੀ ਟੀਚੇ ਨੂੰ ਹਾਸਲ ਕਰਨ ਲਈ ਜ਼ਰੂਰੀ ਕਾਰਕਾਂ ਦੇ ਅਧਾਰ ਤੇ ਕਰੀਕੁਲਮ ਫਰੇਮਵਰਕ ਵਿੱਚ ਸੱਤ ਪ੍ਰਮੁੱਖ ਖੇਤਰ ਉਲੀਕੇ ਗਏ ਹਨ। ਇਹਨਾਂ ਪ੍ਰਮੁੱਖ ਖੇਤਰਾਂ ਵਿੱਚ ਸਕੂਲਾਂ ਵਿੱਚ ਤਬਦੀਲੀ ਲਿਆਉਣ ਅਤੇ ਸਕੂਲ ਲੀਡਰਾਂ ਦੇ ਕਿੱਤਾ ਸਬੰਧੀ ਵਿਕਾਸ ਲਈ ਜ਼ਰੂਰੀ ਪੜ੍ਹਨ ਸਮਗਰੀ ਅਤੇ ਉਦੇਸ਼ਾਂ ਨੂੰ ਸਪਸ਼ਟ ਕੀਤਾ ਗਿਆ ਹੈ।



ਇਹਨਾਂ ਸੱਤਾਂ ਪ੍ਰਮੁੱਖ ਖੇਤਰਾਂ ਦਾ ਤਾਣਾਬਾਣਾ ਇਸ ਤਰਾਂ ਬੁਣਿਆ ਹੋਇਆ ਹੈ ਤਾਂ ਜੋ ਸਕੂਲ ਵਿੱਚ ਪਰਵਰਤਣ ਅਤੇ ਸਕੂਲ ਲੀਡਰ ਦੀ ਇਸ ਸਬੰਧੀ ਭੂਮਿਕਾ ਦਾ ਇੱਕ ਸੰਪੂਰਨ ਦ੍ਰਿਸ਼ਟੀਕੋਣ ਬਣ ਸਕੇ।ਕਰੀਕੁਲਮ ਫਰੇਮਵਰਕ ਵਿੱਚ ਸਕੂਲ ਨੂੰ ਇੱਕ ਅਜਿਹੀ ਸਿੱਖਣ ਸੰਸਥਾ ਮੰਨਿਆ ਗਿਆ ਹੈ ਜੋ ਬੱਚਿਆਂ ਦਾ ਪੋਸ਼ਣ ਕਰਨ ਅਤੇ ਬਹੁਪੱਖੀ ਵਾਧੇ ਅਤੇ ਵਿਕਾਸ ਲਈ ਸਹੂਲਤਾਂ ਪ੍ਰਦਾਨ ਕਰਦਾ ਹੈ।ਕਰੀਕੁਲਮ ਦਾ ਉਦੇਸ਼ ਸਕੂਲ ਮੁਖੀਆਂ ਵਿੱਚ ਸਾਕਾਰਾਤਮਿਕ ਸਵੈ ਸੰਕਲਪ (ਸਵੈ ਅਕਸ਼) ਦਾ ਵਿਕਾਸ ਕਰਨਾ ਅਤੇ ਬਿਨਾ ਕਿਸੇ ਭੇਦਭਾਵ ਦੇ ਸਭ ਨੂੰ ਬਰਾਬਰ ਸਮਝਣ ਦੀਆਂ ਕਦਰਾਂ ਕੀਮਤਾਂ ਤੇ ਅਧਾਰਤ ਵਿਚਾਰਸ਼ੀਲ ਪ੍ਰੈਕਟੀਸ਼ਨਰ ਬਣਨ ਲਈ ਉਤਸਾਹਿਤ ਕਰਨਾ ਹੈ।

ਭਾਰਤ ਦੇ ਸਕੂਲਾਂ ਵਿੱਚ ਵਿਭਿੰਨਤਾ ਨੂੰ ਧਿਆਨ ਵਿੱਚ ਰੱਖਦਿਆਂ ਕਰੀਕੁਲਮ ਫਰੇਮਵਰਕ ਕੁੱਝ ਖਾਸ ਕੁੰਜੀ ਖੇਤਰਾਂ ਨੂੰ ਪ੍ਰਦਰਸ਼ਤ ਕਰਨ ਅਤੇ ਸਮਝਣ ਲਈ ਸਥਾਨ ਪ੍ਰਦਾਨ ਕਰਦਾ ਹੈ ਤਾਂ ਕਿ ਪਹਾੜੀ, ਮਾਰੂਥਲੀ ਅਤੇ ਕਬੀਲਿਆਂ ਵਾਲੇ ਅਤੇ ਵੱਧ ਵਰਖਾਂ ਵਾਲੇ ਖੇਤਰਾਂ ਤੋਂ ਹੜ ਪੀੜਤ ਖੇਤਰਾਂ ਤੱਕ, ਦੰਗਾ ਪੀੜਤ ਜਾਂ ਆਫਤਾਂ ਪੀੜਤ ਖੇਤਰਾਂ ਦੀਆਂ ਸਮੱਸਿਆਂਵਾਂ ਨੂੰ ਸਮਝਦਿਆਂ ਤਵਜੋਂ ਦਿੱਤੀ ਜਾ ਸਕੇ। ਇਸੇ ਤਰਾਂ ਕੁੱਝ ਛੋਟੇ ਜਾਂ ਮਲਟੀਗਰੇਡ ਸਕੂਲਾਂ ਨੂੰ ਜਿੰਨ੍ਹਾਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਨੂੰ ਵੀ ਤਵਜੋਂ ਦਿੱਤੀ ਗਈ ਹੈ।

## ਪ੍ਰਮੱਖ ਖੇਤਰ 1: ਸਕੂਲ ਅਗਵਾਈ ਦਾ ਦ੍ਰਿਸ਼ਟੀਕੋਣ

ਇਹ ਇੱਕ ਮੁੱਖ ਖੇਤਰ ਹੈ ਅਤੇ ਇਸ ਦਾ ਮੁੱਖ ਉਦੇਸ਼ ਅਗਵਾਈ ਨੂੰ ਸਮਝਣਾ ਅਤੇ ਸਕੂਲ ਵਿੱਚ ਆਏ ਪਰਿਵਰਤਨਾਂ ਦੇ ਅਸਰ ਦਾ ਅਧਿਐਨ ਕਰਨਾ ਹੈ। ਇਸ ਦੀ ਧਾਰਨਾ ਹੈ ਕਿ ਸਕੂਲ ਬਤੌਰ ਸਿੱਖਣ ਸੰਸਥਾ ਵਜੋਂ, ਬੱਚਿਆਂ ਵਿੱਚ ਵਾਧੇ ਅਤੇ ਵਿਕਾਸ ਲਿਆਉਣ ਲਈ ਅਤੇ ਲਗਾਤਾਰ ਤਜ਼ਰਬਿਆਂ (Experiments) ਅਤੇ ਤਬਦੀਲੀਆਂ ਲਿਆਉਣ ਲਈ ਸਥਾਨ ਪ੍ਰਦਾਨ ਕਰਦਾ ਹੈ। ਇਹ ਪਰਿਵਰਤਨ ਦੇ ਏਜੰਡੇ ਅਤੇ ਸਕੂਲ ਮੁੱਖੀ ਦੀ ਯੋਗ ਅਗਵਾਈ ਦੀ ਭੂਮਿਕਾ 'ਤੇ ਚਰਚਾ ਕਰਦਾ ਹੈ । ਇਹ ਬੱਚੇ ਨੂੰ ਕੇਂਦਰ ਮੰਨਣ ਤੇ ਜ਼ੋਰ ਦਿੰਦਾ ਹੈ, ਇਹ ਤਬਦੀਲੀ ਅਤੇ ਪਰਿਵਰਤਨ ਦੀ ਦ੍ਰਿਸ਼ਟੀ ਪੈਦਾ ਕਰਨ ਤੇ ਕੇਂਦਰਿਤ ਹੈ

### ਉਦੇਸ਼:

- ਇਸ ਦਾ ਮੁੱਖ ਉਦੇਸ਼ ਸਕੂਲ ਅਗਵਾਈ ਨੂੰ ਸਮਝਣਾ ਅਤੇ ਤਬਦੀਲੀ ਅਤੇ ਸੁਧਾਰ ਲਿਆਉਣ ਲਈ ਦ੍ਰਿਸ਼ਟੀਕੋਣ ਵਿਕਸਿਤ ਕਰਨਾ ਹੈ।

### ਇਕਾਈ 1 : ਸਕੂਲ ਇੱਕ ਸਿੱਖਣ ਸੰਸਥਾ ਵਜੋਂ

- ਸਕੂਲ ਇੱਕ ਸਮਾਜਿਕ ਸੰਸਥਾ
- ਬਤੌਰ ਸੰਸਥਾ ਸਕੂਲ ਦੀ ਕ੍ਰਿਆਸ਼ੀਲ ਪ੍ਰਕ੍ਰਿਤੀ
- ਸਕੂਲ ਵਿੱਚ ਪਰਸਪਰ ਗਲਬਾਤ ਪ੍ਰਕ੍ਰਿਆਵਾਂ
- ਸਕੂਲ, ਸਿੱਖਣ ਅਤੇ ਵਿਕਾਸ ਦੇ ਸਥਾਨ ਵਜੋਂ

### ਇਕਾਈ 2 : ਸਕੂਲ ਅਗਵਾਈ ਬਹੁਪੱਖੀ ਭੂਮਿਕਾਵਾਂ ਅਤੇ ਪਹਿਚਾਣ

- ਦੂਰਅੰਦੇਸ਼ੀ ਨੇਤਾ
- ਇਨਕਲਾਬੀ ਨੇਤਾ
- ਨੇਤਾ ਬਤੌਰ ਪ੍ਰੇਣਾਸਰੋਤ, ਦ੍ਰਿੜ, ਅਤੇ ਲੋਕ ਹੇਤੂ
- ਨੇਤਾ ਬਤੌਰ ਰਿਫਲੈਕਟਿਵ ਪ੍ਰੈਕਟੀਸ਼ਨਰ

### ਇਕਾਈ 3 : ਸਕੂਲ ਪ੍ਰਤੀ ਦ੍ਰਿਸ਼ਟੀਕੋਣ

- ਸਕੂਲ ਵਿੱਚ ਤਬਦੀਲੀ ਸਬੰਧੀ ਦ੍ਰਿਸ਼ਟੀਕੋਣ
- ਕੰਮ ਦੀ ਕਿਸਮ ਅਤੇ ਬੋਝ ਨੂੰ ਸਮਝਣਾ ਅਤੇ ਆਂਕਣਾ
- ਸਕੂਲ ਵਿਕਾਸ ਯੋਜਨਾ ਰਾਹੀਂ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨਾ
- ਲਗਾਤਾਰ ਰਿਵਿਊ ਅਤੇ ਰਿਵੀਜ਼ਨ ਰਾਹੀ ਤਬਦੀਲੀ ਨੂ ਸਹੀ ਦਿਸ਼ਾ ਦੇਣਾ

### ਇਕਾਈ 4 : ਤਬਦੀਲੀ ਨੂੰ ਸਮਝਣਾ

- ਤਬਦੀਲੀ ਲਈ ਅਗਵਾਈ ਸਿਧਾਂਤ:ਸ਼ਾਮਿਲ ਕਰਨਾ, ਸਮਾਨਤਾ ਅਤੇ ਗੁਣਵੱਤਾ
- ਸਕੂਲ ਬਤੌਰ ਸੰਗਠਨ: ਸਕੂਲ ਵਿੱਚ ਤਬਦੀਲੀ ਲਈ ਵਿਚਾਰ, ਸਮਰੱਥਾ ਅਤੇ ਟੀਚੇ
- ਆਪਣੇ ਆਪ ਨੂੰ ਬਦਲਣ ਲਈ ਗਤੀਸ਼ੀਲਤਾ: ਰਵਈਆ, ਅਤੇ ਕਾਰਵਾਈ; ਸੋਚਣਾ ਅਤੇ ਚਿੰਤਣ ਕਰਨਾ; ਮਾਪੇ, ਅਧਿਆਪਕ ਅਤੇ ਭਾਈਚਾਰੇ ਨਾਲ ਵਾਰਤਾਲਾਪ;
- ਤਬਦੀਲੀ ਨਾਲ ਪੇਸ਼ ਆਉਣਾ: ਵਿਰੋਧ ਦਾ ਸਾਹਮਣਾ ਅਤੇ ਮੌਕੇ ਜੋ ਪੈਦਾ ਕੀਤੇ

### ਇਕਾਈ 5 : ਬੱਚਾ ਪਹਿਲਾਂ

- ਬਚਪਨ ਨੂੰ ਸਮਝਣਾ
- ਬੱਚੇ ਦਾ ਸੰਪੂਰਨ ਵਿਕਾਸ
- ਸਕੂਲ ਵਿੱਚ ਬੱਚੇ ਦੇ ਅਧਿਕਾਰ
- ਸਭ ਨੂੰ ਬਿਨਾ ਕਿਸੇ ਭੇਦਭਾਵ ਦੇ ਇੱਕ ਸਮਾਨ ਆਦਰ ਦੇਣਾ
- ਸਕੂਲ ਇੱਕ ਸੁਰੱਖਿਅਤ ਸਥਾਨ ਵਜੋਂ

### ਇਕਾਈ 6 ਕੰਮ ਦੇ ਲੋਕਾਚਾਰ ਵਿੱਚ ਬਦਲ

- ਟੀਚੇ ਨੂੰ ਸਾਹਮਣੇ ਰੱਖਕੇ ਇਸ ਦੀ ਦਿਸ਼ਾ ਵਿੱਚ ਅੱਗੇ ਵਧਣਾ
- ਬਹੁਪੱਖੀ ਦ੍ਰਿਸ਼ਟੀਕੋਣ ਨੂੰ ਸਵੀਕਾਰ ਕਰਨਾ
- ਅਰਥਭਰਪੂਰ ਵਾਰਤਾਲਾਪ ਲਈ ਕਾਰਵਾਈ ਕਰਨਾ
- ਤਬਦੀਲੀ ਅਤੇ ਸੁਧਾਰ ਲਈ ਤਿਆਰ ਰਹਿਣਾ
- ਵਚਨਬੱਧਤਾ ਦੀ ਭਾਵਨਾ ਸਾਂਝੀ ਕਰਨਾ

## ਪ੍ਰਮੁੱਖ ਖੇਤਰ 2: ਸਵੈ-ਵਿਕਾਸ

ਇਸ ਖੇਤਰ ਦਾ ਮੁੱਖ ਕੇਂਦਰ ਸਮਰੱਥਾ, ਰਵਈਆ, ਅਤੇ ਕਦਰਾਂ ਕੀਮਤਾਂ ਦੇ ਅਧਾਰ ਤੇ ਸਾਰਥਕ ਸਵੈ ਧਾਰਣਾ ਵਿਕਸਤ ਕਰਨਾ; ਸਵੈ-ਸੁਧਾਰ ਲਈ ਵਿਚਾਰਾਤਮਿਕ ਗਲਬਾਤ ਅਤੇ ਲਗਾਤਾਰ ਸਿੱਖਣ ਅਤੇ ਸਵੈ-ਵਿਕਾਸ ਅਤੇ ਦੂਜਿਆਂ ਦੇ ਵਿਕਾਸ ਲਈ ਸਕੋਪ ਅਤੇ ਮੌਕੇ ਪੈਦਾ ਕਰਨ ਲਈ ਨੇਤਾ ਦੀ ਅਲੋਚਨਾਤਮਿਕ ਭੂਮਿਕਾ ਹੈ।

## ਉਦੇਸ਼:

- ਸਵੈ-ਸਮਝ, ਇਸਦਾ ਦੂਜਿਆਂ ਨਾਲ ਅਤੇ ਸਕੂਲ ਨਾਲ ਸਬੰਧ ਅਤੇ ਸਵੈ-ਵਿਕਾਸ

### ਇਕਾਈ 1: ਸਵੈ-ਸਮਝ

- ਆਪਣੇ ਆਪ ਦੀ ਸਮਝ:ਇੱਕ ਵਿਅਕਤੀ ਅਤੇ ਪੇਸ਼ਾਵਰ ਵਜੋਂ
- ਕੰਮਕਾਜੀ ਜੀਵਨ ਵਿੱਚ ਅਰਥ ਅਤੇ ਮੰਤਵ ਨੂੰ ਸਮਝਣਾ
- ਸਾਰਥਕ ਸਵੈ-ਧਾਰਨਾਂ ਅਤੇ ਸਵੈ ਅਭਿਮਾਨ ਵਿਕਸਤ ਕਰਨਾ

### ਇਕਾਈ 2: ਸਵੈ- ਦੂਜਿਆ ਦੇ ਸਬੰਧ ਵਿੱਚ

- ਆਪਣੇ ਆਪ ਨੂੰ ਸਕੂਲ ਦੇ ਸਮਾਜਿਕ ਸੰਦਰਭ ਵਿੱਚ ਲੱਭਣਾ
- ਮਨ ਦੀਆਂ ਦੁਵਿਧਾਵਾਂ ਅਤੇ ਬਹੁਪੱਖੀ ਭੂਮਿਕਾਵਾਂ ਦੀ ਸੋਚ ਨਾਲ ਨਿਪਟਣਾ
- ਪ੍ਰਭਾਵ ਦਾ ਚੱਕਰ ਅਤੇ ਚਿੰਤਨ ਦਾ ਚੱਕਰ

### ਇਕਾਈ 3: ਸਕੂਲ ਦੇ ਸੰਦਰਭ ਵਿੱਚ ਆਪਾ

- ਸਵੈ ਵਿਕਾਸ ਦੇ ਟੀਚਿਆਂ ਅਤੇ ਸੰਸਥਾ ਦੇ ਟੀਚਿਆਂ ਦੇ ਵਿੱਚ ਮੇਲ
- ਸਕੂਲੀ ਕਾਰਜ ਵਿੱਚ ਬਹੁ-ਪੱਖੀ ਭੂਮਿਕਾ
- ਪੇਸ਼ਾਵਰ ਟੀਚੇ ਅਤੇ ਕਾਰਗੁਜ਼ਾਰੀ ਨੂੰ ਇੱਕ ਪੱਧਰ ਤੇ ਲਿਆਉਣਾ

### ਇਕਾਈ 4: ਆਪਣੇ-ਆਪ ਨੂੰ ਬਤੌਰ ਪੇਸ਼ਾਵਰ ਵਿਕਸਿਤ ਕਰਨਾ

- ਲੋਕਾਂ ਨਾਲ ਕੰਮ ਕਰਨਾ ਅਤੇ ਸਬੰਧ ਬਣਾਉਣੇ
- ਸਕੂਲ ਮਿਲ ਕੇ ਸਿੱਖਣ ਅਤੇ ਵਧਣ ਫੁੱਲਣ ਲਈ ਇੱਕ ਸਥਾਨ ਹੈ
- ਸਾਂਝੀ ਜਿੰਮੇਵਾਰੀ ਦੀ ਭਾਵਨਾ : ਸਮਾਜਿਕ, ਨੈਤਿਕ ਕਦਰਾ ਕੀਮਤਾਂ

## ਪ੍ਰਮੱਖ ਖੇਤਰ 3: ਸਿੱਖਣ ਸਿਖਾਉਣ ਦੀ ਪ੍ਰਕ੍ਰਿਆ ਵਿੱਚ ਤਬਦੀਲੀ

ਇਹ ਖੇਤਰ ਸਕੂਲ ਆਗੂ ਦੀ ਸਮਰਥਾ ਦਾ ਅਜਿਹਾ ਵਿਕਾਸ ਕਰਨ ਲਈ ਵਚਨਬੱਧ ਹੈ ਜਿਸ ਨਾਲ ਉਹ ਸਕੂਲ ਨੂੰ ਅਜਿਹਾ ਸਥਾਨ ਬਣਾ ਸਕੇ ਜਿੱਥੇ ਸਿੱਖਣ ਸਿਖਾਉਣ ਦੀ ਪ੍ਰਕ੍ਰਿਆ ਨੂੰ ਕ੍ਰਿਆਤਮਿਕ ਗਤੀਵਿਧੀਆਂ ਰਾਹੀਂ ਬੱਚਾ ਕੇਂਦਰੀ ਬਣਾਇਆ ਜਾ ਸਕੇ

## ਉਦੇਸ਼:

- ਸਿਖਣ ਸਿਖਾਉਣ ਦੀ ਪ੍ਰਕ੍ਰਿਆ ਨੂੰ ਕ੍ਰਿਆਤਮਿਕ ਗਤੀਵਿਧੀਆ ਰਾਹੀਂ ਬੱਚਾ ਕੇਂਦਰੀ ਬਣਾਉਣਾ

### ਇਕਾਈ 1: ਸਕੂਲ ਅਤੇ ਸਿੱਖਿਆ ਦਾ ਮੰਤਵ

- ਜਿਗਿਆਸੂ ਬਣਾਉਣਾ
- ਆਲੋਚਨਾਤਮਿਕ ਸੋਚ ਲਈ ਸਿੱਖਿਆ
- ਸ਼ਕਤੀਕਰਨ ਲਈ ਸਿੱਖਿਆ
- ਜਿੰਮੇਵਾਰ ਨਾਗਰਿਕ ਬਣਾਉਣਾ

### ਇਕਾਈ 2: ਬੱਚਾ-ਕੇਂਦਰੀ ਅਧਿਆਪਣ ਨੂੰ ਸਮਝਣਾ

- ਵੱਧਦੇ ਬੱਚੇ ਦੀਆਂ ਸਿੱਖਣ ਅਤੇ ਵਿਕਾਸ ਸਬੰਧੀ ਲੋੜਾਂ
- ਬੱਚਾ ਬਤੌਰ ਕਿਰਿਆਸ਼ੀਲ ਸਿੱਖਿਆਰਥੀ ਅਤੇ ਗਿਆਨ ਦਾ ਨਿਰਮਾਤਾ
- ਬੱਚਿਆਂ ਅਤੇ ਅਧਿਆਪਕਾਂ ਲਈ ਸਿੱਖਣ ਪ੍ਰਕ੍ਰਿਆਵਾਂ ਨੂੰ ਆਨੰਦਮਈ ਅਤੇ ਕਿਰਿਆਤਮਕ ਬਣਾਉਣਾ
- ਸਿੱਖਣਾ ਸਿਖਾਉਣਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਾਂਝੀ ਖੋਜ
- ਭਿੰਨ-ਭਿੰਨ ਸਮਾਜਿਕ ਅਤੇ ਸੰਸਕ੍ਰਿਤੀ ਦੇ ਮਾਹੌਲ ਵਿੱਚ ਸਿੱਖਣਾ

### ਇਕਾਈ 3: ਸਿੱਖਣ ਸਿਖਾਉਣ ਵਿੱਚ ਸਹਾਈ ਮਾਹੌਲ ਪੈਦਾ ਕਰਨਾ

- ਸਕੂਲ ਅਤੇ ਜਮਾਤ ਦਾ ਆਕਰਸ਼ਿਤ ਵਾਤਾਵਰਨ
- ਕਿਰਿਆਤਮਿਕ ਜਮਾਤ ਦੇ ਕਮਰੇ ਅਤੇ ਸਮੱਗਰੀ
- ਕਿਰਿਆਸ਼ੀਲ ਸਿੱਖਣ ਪ੍ਰਕ੍ਰਿਆਵਾਂ ਲਈ ਮੌਕੇ ਮੁਹੱਈਆ ਕਰਵਾਉਣੇ
- ਇਨਕਲੂਸਿਵ ਵਾਤਾਵਰਨ: ਪਰਸਪਰ ਸਤਿਕਾਰ, ਸਵੀਕਾਰਨਾ ਅਤੇ ਸਾਂਝੀ ਪਹਿਚਾਣ
- ਨਿੱਘਾ, ਸੁਰੱਖਿਅਤ ਅਤੇ ਦੇਖਭਾਲ ਕਰਨ ਵਾਲਾ ਜਮਾਤ ਦਾ ਮਾਹੌਲ

### ਇਕਾਈ :4: ਜਮਾਤ ਦੀਆਂ ਗਤੀਵਿਧੀਆਂ ਦਾ ਪ੍ਰਭਾਵ ਵਧਾਉਣਾ

- ਪ੍ਰੇਖਣ, ਫੀਡਬੈਕ ਅਤੇ ਨਿਰੀਖਣ
- ਬੱਚਿਆਂ ਨਾਲ ਸਿੱਧਾ ਸੰਪਰਕ (engagement) ਅਤੇ ਹਰ ਬੱਚੇ ਦੀ ਤਰੱਕੀ ਦੀ ਦਿਸ਼ਾ ਤੇ ਧਿਆਨ ਕਰਨਾ
- ਸਹਿਯੋਗੀ ਅਭਿਆਸ ਦੁਆਰਾ ਜਮਾਤ ਦੀਆਂ ਗਤੀਵਿਧੀਆ ਵਿੱਚ ਸੁਧਾਰ ਕਰਨਾ।

- ਕੋਚਿੰਗ ਅਤੇ ਰਹਿਨੁਮਾਈ ਕਰਨਾ
- ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਵਿੱਚ ਤਕਨਾਲੋਜੀ ਦੀ ਵਰਤੋਂ
- ਛਾਣਬੀਣ ਅਤੇ ਪ੍ਰਯੋਗੀ ਭਾਵਨਾ ਨੂੰ ਬਲ ਦੇਣਾ

**ਇਕਾਈ 5: ਅਧਿਆਪਕ ਦਾ ਬਤੌਰ ਪੇਸ਼ਾਵਰ ਵਿਕਾਸ ਕਰਨਾ**

- ਅਧਿਆਪਕ: ਸਕੂਲ ਨੂੰ ਰੂਪਾਂਤਰਿਤ ਕਰਨ ਦੀ ਕੁੰਜੀ
- ਅਧਿਆਪਕ ਨੂੰ ਨੇਤਾ ਬਣਨ ਲਈ ਉਤਸ਼ਾਹਿਤ ਕਰਨਾ
- ਅਧਿਆਪਕ ਨੂੰ ਚਿੰਤਨ ਕਰਨ ਵਾਲਾ ਪੇਸ਼ੇਵਰ ਬਣਾਉਣਾ
- ਅਧਿਆਪਕ- ਵਿੱਦਿਆਰਥੀ ਪਰਸਪਰ ਵਾਰਤਾਲਾਪ (ਜਮਾਤ ਦੇ ਅੰਦਰ ਤੇ ਬਾਹਰ ਮੁਹੱਈਆ ਕਰਵਾਉਣਾ
- ਅਧਿਆਪਕਾਂ ਦੀਆ ਸਮੱਸਿਆਵਾਂ ਅਤੇ ਮਸਲੇ ਨੂੰ ਤਵੱਜੋਂ ਦੇਣਾ
- ਅਧਿਆਪਕਾਂ ਵਿੱਚ ਪੇਸ਼ੇਵਰ ਵਿਕਾਸ ਕਰਨਾ

**ਇਕਾਈ :6: ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ**

- ਮਾਪਿਆਂ ਦੇ ਨਜ਼ਰੀਏ ਤੋਂ ਬੱਚਿਆਂ ਨੂੰ ਸਮਝਣਾ
- ਬੱਚਿਆਂ ਦੇ ਸਿੱਖਣ ਵਿੱਚ ਘਰੇਲੂ ਮੱਦਦ
- ਭਾਈਚਾਰੇ ਦੇ ਗਿਆਨ ਅਤੇ ਕ੍ਰਿਆਤਮਕ ਸੋਚ ਰਾਹੀਂ ਸਕੂਲੀ ਕਾਰਗੁਜ਼ਾਰੀ ਵਿੱਚ ਵਾਧਾ ਕਰਨਾ
- ਮਾਪੇ ਅਤੇ ਅਧਿਆਪਕਾਂ ਵਿੱਚ ਫੀਡਬੈਕ ਸਾਈਕਲ ਨੂੰ ਮਜ਼ਬੂਤ ਕਰਨਾ:ਸਕੂਲੀ ਸਿੱਖਣ ਸਿਖਾਉਣ ਦੀਆ ਪ੍ਰਕ੍ਰਿਆਵਾਂ
- ਆਲਾ-ਦੁਆਲਾ ਬਤੌਰ ਸਿੱਖਣ ਦਾ ਸਥਾਨ

## ਪ੍ਰਮੱਖ ਖੇਤਰ 4: ਟੀਮਾਂ ਬਣਾਉਣੀਆਂ ਅਤੇ ਉਹਨਾਂ ਦੀ ਅਗਵਾਈ ਕਰਨਾ

ਇਹ ਖੇਤਰ ਲੋੜੀਂਦੇ ਕੌਸਲਾਂ ਨੂੰ ਵਿਕਸਿਤ ਕਰਨ ਅਤੇ ਕਾਰਗਰ ਟੀਮਾਂ ਨੂੰ ਕਾਇਮ ਰੱਖਣ ਲਈ ਮੁਖਾਤਿਬ ਹੁੰਦਾ ਹੈ। ਇਹ ਸਮੂਹ (Group) ਦੀ ਸ਼ਕਤੀ ਸਹਿਯੋਗ ਦੀਆ ਪ੍ਰਕ੍ਰਿਆਵਾਂ, ਟੀਮਵਰਕ, ਦੁਬਿਧਾ ਦਾ ਹਲ ਅਤੇ ਟੀਮ ਦੇ ਮੈਂਬਰਾਂ ਵਿੱਚ ਪੇਸ਼ੇਵਰ ਵਿਕਾਸ ਲਈ ਮੌਕੇ ਪੈਦਾ ਕਰਨ ਤੇ ਜ਼ੋਰ ਦਿੰਦਾ ਹੈ।

### ਉਦੇਸ਼:

- ਇਕੱਠਿਆਂ ਅਤੇ ਟੀਮਾਂ ਵਿੱਚ ਕੰਮ ਕਰਨ ਲਈ ਮਦਦ ਕਰਨਾ

### ਇਕਾਈ: 1: ਟੀਮਾਂ ਬਣਾਉਣੀਆਂ

- ਟੀਮ ਦੇ ਮੈਬਰਾਂ ਦੀ ਲਿਆਕਤ ਅਤੇ ਤਾਕਤ ਤੋ ਜਾਣੂ ਹੋਣਾ
- ਸਮੂਹ (Group) ਦੀਆਂ ਤਾਕਤਾਂ ਦਾ ਵਿਸ਼ਲੇਸ਼ਣ ਕਰਨਾ
- ਸਾਂਝੀਵਾਲਤਾ ਅਤੇ ਸਹਿਯੋਗ ਲਈ ਪ੍ਰਕ੍ਰਿਆਵਾਂ ਦੀ ਰਚਨਾ ਕਰਨੀ।
- ਕਾਬਲੀਅਤ ਅਤੇ ਜੁੰਮੇਵਾਰੀ ਦਾ ਸੁਮੇਲ ਕਰਨਾ

### ਇਕਾਈ: 2: ਟੀਮ ਵਰਕ ਨੂੰ ਉਤਸ਼ਾਹ ਦੇਣਾ

- ਇਕੱਠੇ ਯੋਜਨਾਬੰਦੀ ਕਰਨੀ
- ਪੇਸ਼ੇਵਰ ਗੱਲਬਾਤ ਜਾਂ ਸੰਵਾਦ ਨੂੰ ਉਤਸ਼ਾਹਿਤ ਕਰਨਾ
- ਮਿਲਕੇ ਚਲਨਾ
- ਸਿਰਜਨਾਤਮਕ ਵਿਚਾਰਾਂ ਨੂੰ ਉਭਾਰਨ ਲਈ ਸਟਾਫ ਮੀਟਿੰਗ ਨੂੰ ਇੱਕ ਮੰਚ ਵਾਂਗੂ ਵਰਤਣਾ
- ਰਿਵਿਊ ਅਤੇ ਫੀਡਬੈਕ ਲਈ ਵਿਧੀ ਤਿਆਰ ਕਰਨੀ

### ਇਕਾਈ: 3: ਟੀਮ ਦਾ ਨੇਤਾ ਬਣਨਾ

- ਪ੍ਰਭਾਵਸ਼ਾਲੀ ਟੀਮਵਰਕ ਦੇ ਲਈ ਮੌਕੇ ਪੈਦਾ ਕਰਨੇ
- ਟੀਮ ਲਈ ਪ੍ਰਭਾਵਸ਼ਾਲੀ ਸੰਚਾਰ ਪ੍ਰਕ੍ਰਿਆ ਸਥਾਪਿਤ ਕਰਨੀ
- ਟੀਮਵਰਕ ਵਿੱਚ ਫੈਸਲੇ ਲੈਣੇ
- ਟੀਮਾਂ ਰਾਹੀਂ ਕੰਮ ਕਰਵਾਉਣਾ
- ਦੁਬਿਧਾ ਦਾ ਹੱਲ ਲੱਭਣਾ

## ਪ੍ਰਮੱਖ ਖੇਤਰ 5: ਨਵੀਨੀਕਰਨ ਵਿੱਚ ਅਗਵਾਈ ਕਰਨੀ

ਇਸ ਦਾ ਮੰਤਵ ਸਕੂਲਾਂ ਦੇ ਪ੍ਰੋਗਰਾਮਾਂ ਅਤੇ ਢਾਂਚੇ ਨੂੰ ਲਗਾਤਾਰ ਬਦਲਾਅ ਅਤੇ ਨਵੀਨੀਕਰਨ ਨਾਲ ਰੁਪਾਂਤਰਿਤ ਕਰਨਾ ਹੈ। ਕੁਝ ਅਜਿਹੇ ਹਾਲਾਤ, ਪੱਧਤੀਆਂ, ਢਾਂਚਿਆਂ ਅਤੇ ਗਤੀਵਿਧੀਆਂ ਨੂੰ ਇਜ਼ਾਦ ਕਰਨਾ ਜਿਹੜੇ ਨਵੇਂ ਵਿਚਾਰਾਂ ਅਤੇ ਕਿਰਿਆਵਾਂ ਨੂੰ ਸਾਂਝੀ ਕੋਸ਼ਿਸ਼ ਰਾਹੀਂ ਨਵੀਨੀਕਰਨ ਦੀ ਸਭਿਅਤਾ ਦਾ ਨਿਰਮਾਣ ਕਰਨ।

### ਉਦੇਸ਼:

- ਨਵੀਨੀਕਰਨ ਦੀ ਮੱਦਦ ਨਾਲ ਪਰਿਵਰਤਨ ਲਿਆਉਣਾ

### ਇਕਾਈ 1: ਨਵੀਨੀਕਰਨ- ਇੱਕ ਸਿੱਖਣ ਸੰਸਥਾ ਦਾ ਦਿਲ

- ਸਕੂਲਮੁੱਖੀ: ਨਵੀਨੀਕਰਨ ਲਈ ਬਤੌਰ ਉੱਦਮ ਦਾ ਸਰੋਤ
- ਨਵੇਂ ਵਿਚਾਰਾਂ ਦੀ ਭਾਲ: ਸੰਵਾਦ ਅਤੇ ਦਿਮਾਗੀ ਚਰਚਾ

- ਨਵੀਨੀਕਰਨ: ਸਕੂਲ ਦੀ ਤਰੱਕੀ ਵਿੱਚ ਮਹੱਤਵਪੂਰਨ
- ਆਮ ਵਿਹਾਰ ਦੇ ਢਾਂਚੇ ਤੋਂ ਅੱਗੇ ਦੇਖਣਾ

**ਇਕਾਈ 2: ਸਕੂਲਾਂ ਵਿੱਚ ਨਵੀਨੀਕਰਨ ਕਰਨ ਦੀ ਰੀਤ ਚਲਾਉਣੀ।**

- ਨਵੀਆਂ ਰੀਤਾਂ ਨੂੰ ਉਤਸਾਹਿਤ ਕਰਨਾ: ਪ੍ਰਯੋਗਾਂ ਅਤੇ ਖੋਜ਼ ਲਈ ਸਥਾਨ ਬਣਾਉਣਾ
- ਢੁਕਵੇਂ ਸਾਧਨਾ ਅਤੇ ਅਕਾਦਮਿਕ ਮੱਦਦ ਨੂੰ ਯਕੀਨੀ ਬਣਾਉਣਾ
- ਸ਼ਖਸੀਅਤ ਦਾ ਸਤਿਕਾਰ ਕਰਨਾ ਅਤੇ ਵਿਚਾਰਾਂ ਵਿੱਚ ਮੱਤਭੇਦ ਦਾ ਸਤਿਕਾਰ ਕਰਨਾ
- ਤਬਦੀਲੀ ਦੇ ਪ੍ਰਤੀ ਵਿਰੋਧ ਨੂੰ ਸਮਝਣਾ ਅਤੇ ਇਸ ਨਾਲ ਨਿਜਿੱਠਣਾ
- ਨਵੇਂ ਵਿਚਾਰ ਅਤੇ ਕੰਮਾਂ ਨੂੰ ਮਾਨਤਾ ਦੇਣੀ ਅਤੇ ਸਨਮਾਨ ਕਰਨਾ
- ਸਕੂਲ ਵਿੱਚ ਨਵੀਆਂ ਗਤੀਵਿਧੀਆਂ ਨੂੰ ਪਛਾਣਨਾ ਅਤੇ ਇਸ ਦਾ ਦਸਤਾਵੇਜ ਤਿਆਰ ਕਰਨਾ

**ਇਕਾਈ 3: ਨਵੇਂ ਨਜ਼ਰੀਏ ਤੋਂ ਸਕੂਲ ਦਾ ਸੰਕਲਪ ਕਰਨਾ**

- ਸਕੂਲ ਪੱਧਰ ਤੇ ਨਵੀਆਂ ਗਤੀਵਿਧੀਆਂ: ਪਾਠਕ੍ਰਮ ਦੀ ਵਿਉਂਤਬੰਦੀ, ਸਲਾਨਾ ਕੈਲੰਡਰ, ਕੰਮ ਦੀ ਵੰਡ, ਬਜ਼ਟ, ਮਿਡ ਡੇ ਮੀਲ, ਵਿੱਤੀ ਪ੍ਰਬੰਧ ਅਤੇ ਫੰਡਾਂ ਦਾ ਪ੍ਰਬੰਧਨ, ਪ੍ਰਚੱਲਤ ਸਾਧਨਾ ਦੀ ਵੱਧ ਤੋ ਵੱਧ ਵਰਤੋਂ, ਸਲਾਨਾ ਸਮਾਗਮ, ਭਾਈਚਾਰੇ ਨਾਲ ਇੱਕਤਰਤਾਵਾਂ, ਸਟਾਫ ਦੀਆਂ ਇਕੱਤਰਤਾਵਾਂ ਸਬੰਧੀ ਤਬਦੀਲੀਆਂ ਕਰਨਾ
- ਜਮਾਤ ਵਿੱਚ ਨਵੀਆਂ ਗਤੀਵਿਧੀਆਂ:ਸਿੱਖਣ ਸਿਖਾਉਣ ਦੀ ਪ੍ਰਕ੍ਰਿਆ ਸਬੰਧੀ ਜੋਗਾੜ, ਜਮਾਤ ਦੇ ਕਮਰੇ ਦੀ ਵਿਉਂਤਬੰਦੀ, ਸਮਾਂ ਸਾਰਣੀ ਤਿਆਰ ਕਰਨਾ, ਕਲਾਸ ਦੇ ਕਮਰੇ ਦਾ ਪ੍ਰਬੰਧਨ
- ਨਵੀਆਂ ਕਾਢਾਂ ਕੱਢਣ ਵਾਲੇ ਵਿਦਿਆਰਥੀ, ਅਧਿਆਪਕ ਅਤੇ ਭਾਈਚਾਰਾ

## ਪ੍ਰਮੁੱਖ ਖੇਤਰ 6: ਭਾਈਵਾਲੀ ਦੀ ਅਗਵਾਈ

ਇਹ ਖੇਤਰ ਸਕੂਲ ਅਤੇ ਬਾਹਰ ਦੇ ਲੋਕਾਂ ਵਿੱਚ ਭਾਈਵਾਲੀ ਨਾਲ ਸਬੰਧਿਤ ਹੈ।ਇਹ ਖੇਤਰ ਸਕੂਲ ਮਾਪੇ, ਭਾਈਚਾਰੇ ਦੇ ਮੈਂਬਰ ਸਿੱਖਿਆ ਵਿਭਾਗਾਂ ਦੇ ਅਫਸਰ ਅਤੇ ਗੁਆਢੀ ਸਕੂਲਾਂ ਨਾਲ ਸਾਰਥਿਕ ਸਬੰਧ ਸਥਾਪਿਤ ਕਰਨ ਦੀ ਜ਼ਰੂਰਤ ਤੇ ਕੇਂਦਰਿਤ ਹੈ। ਇਸਦਾ ਮੰਤਵ ਸਕੂਲ ਆਗੂ ਨੂੰ ਕੁਸ਼ਲਤਾ ਨਾਲ ਬਹੁਗਿਣਤੀ ਵਿੱਚ ਵੱਧ ਤੋਂ ਵੱਧ ਦਾਅਵੇਦਾਰਾਂ ਨਾਲ ਭਾਈਵਾਲੀ ਸਥਾਪਿਤ ਕਰਨ ਦੇ ਮੌਕੇ ਮੁਹੱਈਆ ਕਰਵਾਉਣਾ।

### ਉਦੇਸ਼:

- ਸਕੂਲ ਵਿੱਚ ਤਬਦੀਲੀ ਲਿਆਉਣ ਲਈ ਮਾਪੇ, ਭਾਈਚਾਰਾ ਅਤੇ ਸਿੱਖਿਆ ਅਮਲੇ ਵਿੱਚ ਭਾਈਵਾਲੀ ਸਥਾਪਿਤ ਕਰਨਾ

### ਇਕਾਈ :1: ਘਰ ਅਤੇ ਸਕੂਲ ਵਿੱਚ ਭਾਈਵਾਲੀ

- ਸਕੂਲ ਵਿੱਚ ਘਰ ਅਤੇ ਸਕੂਲੀ ਗੱਲਬਾਤ ਲਈ ਸਥਾਨ ਬਣਾਉਣਾ
- ਸਿੱਖਣਾ ਅਤੇ ਵਿਕਾਸ ਬਤੌਰ ਮਾਪੇ ਅਤੇ ਅਧਿਆਪਕਾਂ ਦੀ ਸਾਂਝੀ ਜ਼ਿੰਮੇਵਾਰੀ
- ਮਾਪੇ ਅਤੇ ਅਧਿਆਪਕਾਂ ਦੇ ਭਿੰਨ-ਭਿੰਨ ਨਜ਼ਰੀਏ ਅਤੇ ਸੂਝ ਬੂਝ ਨਾਲ ਨਿਪਟਣਾ
- ਸਕੂਲ ਪ੍ਰਬੰਧਨ ਵਿੱਚ ਮਾਪਿਆਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ
- ਸਕੂਲ ਬਤੌਰ ਮਾਪਿਆਂ ਦੇ ਸਿੱਖਣ ਦਾ ਸਥਾਨ

### ਇਕਾਈ:2: ਭਾਈਚਾਰੇ ਨਾਲ ਕੰਮ ਕਰਨਾ

- ਸਕੂਲ ਅਤੇ ਭਾਈਚਾਰੇ ਦੇ ਪ੍ਰਸਪਰ ਸਬੰਧ ਨੂੰ ਸਮਝਣਾ
- ਸਕੂਲ ਵਿੱਚ ਭਾਈਚਾਰੇ ਦੀ ਭਾਗੀਦਾਰੀ ਲਈ ਥਾਂ ਬਣਾਉਣਾ
- ਸਕੂਲ ਪ੍ਰਬੰਧਨ ਕਮੇਟੀ ਵਿੱਚ ਸਮੂਲੀਅਤ ਕਰਕੇ ਭਾਈਚਾਰੇ ਦੀ ਭਾਗੀਦਾਰੀ ਬਣਾਉਣਾ
- ਸਕੂਲ ਦੇ ਵਿਕਾਸ ਵਿੱਚ ਭਾਈਚਾਰੇ ਦੀ ਭੂਮਿਕਾ
- ਭਾਈਚਾਰੇ ਲਈ ਸਕੂਲ ਬਤੌਰ ਇੱਕ ਸਮਾਜਿਕ ਸਿਖਣ ਸੰਸਥਾ
- ਸਥਾਨਕ ਨੇਤਾਵਾਂ ਨਾਲ ਆਪਸੀ ਸਮਝ ਅਤੇ ਆਦਰ ਸਹਿਤ ਕੰਮ ਕਰਨਾ

### ਇਕਾਈ :3: ਪ੍ਰਣਾਲੀ ਨਾਲ ਕੰਮ ਕਰਨਾ

- ਸਕੂਲ ਬਤੌਰ ਵਿੱਦਿਅਕ ਪ੍ਰਣਾਲੀ ਦਾ ਇੱਕ ਹਿੱਸਾ
- ਵਿੱਦਿਅਕ ਪ੍ਰਸ਼ਾਸਕਾ ਨਾਲ ਪ੍ਰਭਾਵਸ਼ਾਲੀ ਚਰਚਾ
- ਪ੍ਰਣਾਲੀ ਪੱਧਰ ਦੀਆਂ ਜ਼ਰੂਰਤਾਂ ਨਾਲ ਸਕੂਲ ਵਿਕਾਸ ਦੀਆਂ ਮੰਗਾ ਦਾ ਸੰਤੁਲਣ ਬਣਾਉਣਾ
- ਸਥਾਨਕ ਸਾਧਨ ਸੰਸਥਾਵਾ ਨਾਲ ਜੋੜਨਾ
- ਭਾਈਚਾਰੇ ਅਤੇ ਸਕੂਲ ਨਾਲ ਭਾਗੀਦਾਰੀ ਰਾਹੀਂ ਵਧੀਆ ਵਿਵਹਾਰ ਅਪਣਾਉਣਾ

## ਪ੍ਰਮੁੱਖ ਖੇਤਰ :7: ਸਕੂਲ ਪ੍ਰਸ਼ਾਸਨ ਦੀ ਅਗਵਾਈ

ਇਹ ਖੇਤਰ ਪ੍ਰਸ਼ਾਸਕੀ ਅਤੇ ਵਿੱਤੀ ਪੱਖਾਂ ਤੇ ਕੇਂਦਰਿਤ ਹੈ। ਇਹ ਸਕੂਲ ਮੁਖੀ ਨੂੰ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਗਏ ਪ੍ਰਸ਼ਾਸਕੀ ਨਿਯਮ ਅਤੇ ਸੇਧਾਂ ਨੂੰ ਸਮਝਣ ਵਿੱਚ ਅਤੇ ਨਾਲ ਹੀ ਸਕੂਲ ਦੇ ਵਿੱਤੀ, ਬਜਟ ਬਣਾਉਣ ਅਤੇ ਫੰਡਾਂ ਦੀ ਵਰਤੋਂ ਸਬੰਧੀ ਜਾਣਕਾਰੀ ਪ੍ਰਦਾਨ ਕਰਦਾ ਹੈ।ਸਕੂਲ ਦੀ ਅਗਵਾਈ ਲਈ ਭੌਤਿਕ ਅਤੇ ਮਨੁੱਖੀ ਸਰੋਤਾਂ ਦਾ ਬਹੁਤ ਮਹੱਤਵ ਹੁੰਦਾ ਹੈ।ਇਹ ਖੇਤਰ ਸਕੂਲ ਮੁਖੀ ਨੂੰ ਇਹਨਾਂ ਸਰੋਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਲਈ ਵੱਖ ਵੱਖ ਢੰਗਾਂ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ।ਇਹ ਖੇਤਰ

ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿਓਂਕਿ ਇਹ ਸਕੂਲ ਮੁਖੀ ਨੂੰ ਸਕੂਲੀ ਤਬਦੀਲੀ ਦੀ ਅਗਵਾਈ ਲਈ ਡਾਟਾ ਤੇ ਅਧਾਰਤ ਲਾਹੇਵੰਦ ਪ੍ਰਣਾਲੀ ਸਿਰਜਣ ਅਤੇ ਸੋਚ ਸਮਝ ਕੇ ਫੈਸਲੇ ਲੈਣ ਵਿੱਚ ਸਹਾਈ ਹੁੰਦਾ ਹੈ।

## ਉਦੇਸ਼:

- **ਸਕੂਲ ਮੁਖੀਆਂ ਵਿੱਚ ਪ੍ਰਭਾਵਸ਼ਾਲੀ ਪ੍ਰਸ਼ਾਸਨ, ਫੰਡਾ ਦਾ ਨਿਯੰਤਰਣ, ਸੰਸਾਧਨਾ ਦਾ ਪ੍ਰਬੰਧਨ ਅਤੇ ਅੰਕੜਿਆਂ ਨਾਲ ਸਬੰਧਿਤ ਫੈਸਲੇ ਲੈਣ ਲਈ ਸੂਝ ਬੂਝ ਅਤੇ ਕੌਸ਼ਲ ਵਿਕਸਤ ਕਰਨਾ**

### ਇਕਾਈ 1: ਸਕੂਲ ਪ੍ਰਸ਼ਾਸ਼ਨ ਨੂੰ ਸਮਝਣਾ

- ਸਕੂਲ ਦੀ ਤਬਦੀਲੀ ਦੇ ਸੰਦਰਭ ਵਿੱਚ ਸਕੂਲ ਮੁਖੀ ਦੀ ਭੂਮਿਕਾ ਦਾ ਵਿਕਾਸ
- ਸਕੂਲ ਮੁੱਖੀ/ਪ੍ਰਿੰਸੀਪਲ/ਅਧਿਆਪਕਾਂ ਅਤੇ ਸਟਾਫ ਨਾਲ ਸਬੰਧਿਤ ਸਕੂਲੀ ਕੰਮ, ਵੱਖ-ਵੱਖ ਨਿਯਮ (ਵਿਹਾਰ, ਨੌਕਰੀ, ਛੁੱਟੀ ਅਤੇ ਪੈਨਸ਼ਨ ਆਦਿ) ਦਾ ਗਿਆਨ
- ਸਕੂਲ ਪੱਧਰ ਤੇ ਢੁੱਕਵੀਂ ਕਾਰਜਕਾਰਨੀ ਸਬੰਧਿਤ ਵਿਸ਼ੇਸ਼ਤਾਈਆਂ, ਨਿਯਮ, ਰਾਜ ਦੀਆਂ ਨੀਤੀਆਂ ਸਬੰਧੀ ਹਦਾਇਤਾਂ, ਯੋਜਨਾਵਾਂ ਅਤੇ ਸਕੀਮਾਂ ਨੂੰ ਸਮਝਣਾ
- ਸਬੰਧਿਤ ਅਧਿਕਾਰੀਆਂ ਨਾਲ ਸੰਪਰਕ ਕਰਨ ਸਬੰਧੀ ਵੱਖ-ਵੱਖ ਫਾਰਮ, ਡਰਾਫਟ, ਨੋਟਿੰਗ ਆਦਿ ਲਿਖਣ ਦੀ ਪ੍ਰਕ੍ਰਿਆ ਨੂੰ ਸਮਝਣਾ
- ਅਧਿਆਪਕਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਲਿਖਣ ਸਬੰਧੀ
- ਸਕੂਲ ਪੱਧਰ ਤੇ ਅਧਿਆਪਕ ਵਿੱਦਿਆਰਥੀਆਂ ਅਤੇ ਸਟਾਫ ਦੀ ਭਾਗੀਦਾਰੀ ਨਾਲ ਇੱਕ ਜੁੰਮੇਵਾਰ ਯੋਜਨਾ ਪ੍ਰਣਾਲੀ ਸਥਾਪਿਤ ਕਰਨਾ

### ਇਕਾਈ 2: ਸਕੂਲੀ ਪੂੰਜੀ

- ਵਿੱਤੀ ਅਤੇ ਸਰੋਤ ਪ੍ਰਬੰਧਨ ਦਾ ਮਹੱਤਵ
- ਬਜ਼ਟ ਬਣਾਉਣ ਅਤੇ ਵਿੱਤੀ ਲੇਖਾ ਜ਼ੋਖਾ ਕਰਨ ਸਬੰਧੀ ਸੂਝ ਬੂਝ
- ਵਿੱਤੀ ਮਾਮਲਿਆਂ ਅਤੇ ਫੰਡਾਂ ਦੇ ਖਰਚੇ ਲਈ ਨਿਯਮਾਂ ਸਬੰਧੀ ਖੁਦਮੁਖਤਿਆਰੀ
- ਕਰਮਚਾਰੀਆਂ ਦੇ ਭੱਤੇ ਸਬੰਧੀ ਜਿਵੇਂ ਤਨਖਾਹ, ਬਕਾਇਆ, ਪੈਨਸ਼ਨ, ਆਦਿ ਵਿੱਤੀ ਪ੍ਰਕ੍ਰਿਆਵਾਂ ਨੂੰ ਸਮਝਣਾ
- ਸਕੂਲ ਪੱਧਰੀ ਵਿੱਤੀ ਮਾਮਲਿਆਂ ਜਿਵੇਂ ਕਿ ਬਿੱਲ ਬਣਾਉਣਾ (ਤਨਖਾਹ, ਬਕਾਇਆ, ਮੈਡੀਕਲ ਭੱਤਾ, ਫੁਟਕਲ ਖਰਚੇ, ਵਾਉਚਰ ਆਦਿ) ਰੋਕੜਾ ਰਜਿਸਟਰ, ਲੇਖਾ ਅਤੇ ਕਰ ਆਦਿ ਬਾਰੇ ਸਮਝਣਾ

## ਇਕਾਈ 3: ਭੌਤਿਕ ਅਤੇ ਮਨੁੱਖੀ ਸੰਸਾਧਨਾਂ ਦਾ ਸੁਚੱਜਾ ਪ੍ਰਬੰਧਨ

- ਸਕੂਲ ਦੇ ਮਾਹੌਲ ਨੂੰ ਖੁਸ਼ਨੁਮਾ ਅਤੇ ਵਿੱਦਿਆਰਥੀਆਂ ਲਈ ਸਿੱਖਣ ਦਾ ਸਥਾਨ ਬਣਾਉਣਾ
- ਮਹਿਕਮੇ ਅਤੇ ਭਾਈਚਾਰੇ ਦੇ ਤਾਲਮੇਲ ਨਾਲ ਸਕੂਲੀ ਢਾਂਚਾ ਅਤੇ ਜਮਾਤਾਂ ਨੂੰ ਸੁਚਾਰੂ ਰੂਪ ਨਾਲ ਚਲਾਉਣਾ
- ਖੁੱਲੀਆ ਥਾਵਾਂ ਅਤੇ ਖੇਡ ਦੇ ਮੈਦਾਨ ਵਿਕਸਿਤ ਕਰਨੇ
- ਸਕੂਲ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਮਾਡਲ ਤਿਆਰ ਕਰਨਾ ਅਤੇ ਉਸ ਲਈ ਸਾਧਨ ਮੁਹੱਈਆ ਕਰਵਾਉਣੇ
- ਸਕੂਲੀ ਪ੍ਰਕ੍ਰਿਆਵਾਂ ਲਈ ਮੌਜੂਦਾ ਸੰਸਾਧਨਾਂ ਦੀ ਵੱਧ ਤੋਂ ਵੱਧ ਵਰਤੋਂ ਕਰਨਾ
- ਮਨੁੱਖੀ ਸੰਸਾਧਨ ਹਾਸਲ ਕਰਨ ਹਿੱਤ ਬਰਾਬਰ ਦੇ ਸਕੂਲਾਂ ਭਾਈਚਾਰੇ ਅਤੇ ਵਿਭਾਗਾਂ ਨਾਲ ਸਬੰਧ ਸਥਾਪਿਤ ਕਰਨਾ
- ਅਧਿਆਪਕਾਂ ਅਤੇ ਸਟਾਫ ਦੇ ਵਿੱਤ ਸਬੰਧੀ ਪ੍ਰਬੰਧਨ ਕਰਨਾ

## ਇਕਾਈ 4: ਸੋਚ ਸਮਝ ਕੇ ਤਰਕਸੰਗਤ ਫੈਸਲੇ ਲੈਣ ਲਈ ਅੰਕੜਾ ਅਧਾਰਤ ਪ੍ਰਬੰਧਨ ਸੂਚਨਾ ਪ੍ਰਣਾਲੀ ਦੀ ਵਰਤੋਂ ਕਰਨਾ

- ਸਕੂਲੀ ਰੁਪਾਂਤਰਨ ਦੀ ਅਗਵਾਈ ਲਈ ਸੋਚ ਸਮਝ ਕੇ ਫੈਸਲੇ ਲੈਣ ਲਈ ਅੰਕੜਾਕੋਸ਼ ਸਿਰਜਣ ਅਤੇ ਕਾਇਮ ਰੱਖਣ ਦੀ ਮਹੱਤਤਾ ਨੂੰ ਸਮਝਣਾ।
- ਵਿਦਿਆਰਥੀਆਂ ਦੀਆਂ ਖੂਬੀਆਂ ਅਤੇ ਵਿਕਾਸ ਦਾ ਪਤਾ ਲਗਾਉਣ ਲਈ ਆਈ ਸੀ ਟੀ ਅਧਾਰਤ ਅੰਕੜਾਕੋਸ਼ ਸਥਾਪਤ ਕਰਨਾ।
- ਵਿਦਿਆਰਥੀਆਂ ਦੇ ਗ੍ਰੇਡ ਵਿੱਚ ਤਰੱਕੀ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੀਆਂ ਸਿੱਖਣ ਸਬੰਧੀਂ ਲੋੜਾਂ ਦੇ ਅਧਾਰ ਤੇ ਪ੍ਰਣਾਲੀ ਸਥਾਪਤ ਕਰਨਾ।
- ਅਧਿਆਪਕਾਂ ਅਤੇ ਸਟਾਫ ਲਈ ਲੜੀਬੱਧ ਅਤੇ ਅਸਾਨੀ ਨਾਲ ਮਿਲ ਸਕਣ ਵਾਲਾ ਕਰਮਚਾਰੀ ਰਿਕਾਰਡ ਰਜਿਸਟਰ ਅਤੇ ਨੌਕਰੀ ਸਬੰਧੀ ਨਿਯਮਾਂ ਦੇ ਸਮਰਥਨ ਨੂੰ ਯਕੀਨੀ ਬਣਾਉਣਾ।
- ਵਿੱਤੀ ਅੰਕੜਾਸ਼ਬਦਕੋਸ਼ ਅਤੇ ਰਜਿਸਟਰ ਕਾਇਮ ਰੱਖਣਾ।
- ਸਕੂਲ ਵਿੱਚੋਂ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪੇ ਸਬੰਧੀ ਗਤੀਵਿਧੀਆਂ ਦੀ ਕਾਰਵਾਈ ਜਿਵੇਂ ਦਾਖਲਾ, ਹਾਜ਼ਰੀ, ਗਤੀਵਿਧੀਆਂ ਲਈ ਸਲਾਨਾ ਕਲੈਂਡਰ, ਸਿਲੇਬਸ, ਮਾਪੇ ਅਧਿਆਪਕ ਮਿਲਣੀਆਂ ਅਤੇ ਸ਼ਿਕਾਇਤਾਂ ਅਤੇ ਮਸ਼ਵਰਿਆਂ ਦੇ ਨਿਪਟਾਰੇ ਦੀ ਕਾਰਵਾਈ ਸਬੰਧੀ ਪ੍ਰਣਾਲੀ ਸਥਾਪਤ ਕਰਨਾ।

# ਵਿਸ਼ੇਸ਼ ਧਿਆਨ ਯੋਗ ਖੇਤਰ

ਭਾਰਤ ਦੇ ਸਕੂਲਾਂ ਦੀ ਭਿੰਨਤਾ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਹ ਖੇਤਰ ਸਕੂਲ ਸਿੱਖਿਆ ਨਾਲ ਸਬੰਧਤ ਰਾਜ ਅਧਾਰਿਤ ਅਨੋਖੇ ਮੁੱਦਿਆਂ ਨੂੰ ਖੋਜਣ ਅਤੇ ਸਮਝਣ ਨੂੰ ਤਵਜੋਂ ਦਿੰਦਾ ਹੈ। ਵਿਸ਼ੇਸ਼ ਧਿਆਨ ਯੋਗ ਖੇਤਰ ਤਹਿਤ ਤਿਆਰ ਕੀਤਾ ਗਿਆ ਕਰੀਕੁਲਮ ਕਿਸੇ ਰਾਜ ਵਿੱਚ ਪ੍ਰਚਲਤ ਸਮਾਜਿਕ, ਆਰਥਿਕ, ਭੂਗੋਲਿਕ ਜਾਂ ਵਿੱਦਿਅਕ ਚਣੋਤੀਆਂ ਦੇ ਸੰਦਰਭ ਵਿੱਚ ਵਿਕਸਤ ਕੀਤਾ ਗਿਆ ਹੈ। ਛੋਟੇ ਅਤੇ ਮਲਟੀਗ੍ਰੇਡ ਸਕੂਲਾਂ ਦੀਆਂ ਵਿਸ਼ੇਸ਼ ਚਣੌਤੀਆਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ।

## ਵਿਸ਼ੇਸ਼ ਧਿਆਨ ਯੋਗ ਖੇਤਰ 1: ਕਬਾਇਲੀ ਖੇਤਰਾਂ ਵਿੱਚ ਸਕੂਲਾਂ ਦੀ ਅਗਵਾਈ

ਇਹ ਖੇਤਰ ਕਬਾਇਲੀ ਖੇਤਰਾਂ ਵਿੱਚ ਸਥਿੱਤ ਸਕੂਲਾਂ ਤੇ ਕੇਂਦਰਤ ਹੈ, ਜੋ ਕਿ ਦੂਜੇ ਖੇਤਰਾਂ ਦੇ ਸਕੂਲਾਂ ਤੋਂ ਸੰਸਕ੍ਰਿਤਿਕ, ਸਮਾਜਿਕ ਅਤੇ ਆਰਥਿਕ ਪੱਖੋਂ ਬਹੁਤ ਭਿੰਨ ਹਨ। ਉਚਿਤ ਅਤੇ ਸਾਰਥਿਕ ਸਿੱਖਿਆ ਮੁਹਈਆ ਕਰਵਾਉਣ ਲਈ ਸਕੂਲ ਮੁਖੀਆਂ ਨੂੰ ਕਬਾਇਲੀ ਖੇਤਰਾਂ ਵਿਚ ਵਸਦੇ ਬੱਚਿਆਂ ਅਤੇ ਭਾਈਚਾਰੇ ਦੇ ਮੋਜੂਦਾ ਹਾਲਾਤ, ਲੋੜਾਂ ਅਤੇ ਉਮੀਦਾਂ ਨੂੰ ਸਮਝਣ ਦੀ ਲੋੜ ਹੈ। ਇਸਦੇ ਸੰਦਰਭ ਵਿੱਚ ਨਿਮਨ ਦਰਜ਼ ਉਪ ਵਿਸ਼ਿਆਂ ਤੇ ਚਰਚਾ ਕੀਤੀ ਜਾਣੀ ਹੈ।

- ਸੰਸਕ੍ਰਿਤਕ ਅਤੇ ਸਮਾਜਿਕ ਮਹੌਲ ਜਿਸ ਵਿੱਚ ਸਕੂਲ ਕੰਮ ਕਰਦੇ ਹਨ।
- ਜੋ ਰੂੜੀਵਾਦੀ ਵਿਚਾਰ ਅਧਿਆਪਕ ਅਤੇ ਪ੍ਰਸ਼ਾਸਕ ਅਪਣੇ ਨਾਲ ਲੈਕੇ ਆਉਂਦੇ ਹਨ ਉਨ੍ਹਾਂ ਨੂੰ ਸਮਝਣਾ ਅਤੇ ਸਵੀਕਾਰ ਕਰਨਾ।
- ਬੋਲਚਾਲ ਦੀ ਵਿਭਿੰਨਤਾ ਦੇ ਅਧਾਰ ਤੇ ਕਬਾਇਲੀ ਖੇਤਰਾਂ ਵਿਚ ਵਸਦੇ ਬੱਚਿਆਂ ਦੀਆਂ ਲੋੜਾਂ ਨੂੰ ਸਮਝਣਾ।
- ਸਕੂਲ, ਭਾਈਚਾਰੇ ਅਤੇ ਪਰਿਵਾਰ ਸਬੰਧੀ ਮੁੱਦਿਆਂ ਨੂੰ ਸਮਝਣਾ ਜਿਵੇਂ ਵਿਦਿਆਰਥੀਆਂ ਦੀ ਗੈਰਹਾਜ਼ਰੀ, ਪਰਵਾਸ ਅਤੇ ਅਧਿਆਪਕਾਂ ਦੀ ਗੈਰਹਾਜ਼ਰੀ ਆਦਿ।
- ਕਰੀਕੁਲਮ, ਪਾਠਪੁਸਤਕਾਂ, ਅਧਿਆਪਨ ਵਿਧੀਆਂ ਨੂੰ ਕਬਾਇਲੀ ਬੱਚਿਆਂ ਦੀਆਂ ਸਿੱਖਣ ਲੋੜਾਂ ਦੇ ਅਧਾਰ ਤੇ ਤਿਆਰ ਕਰਨਾ।
- ਕਬਾਇਲੀ ਖੇਤਰਾਂ ਵਿੱਚ ਸਕੂਲ ਅਤੇ ਭਾਈਚਾਰੇ ਵਿੱਚ ਸਬੰਧ।
- ਕਬਾਇਲੀ ਖੇਤਰਾਂ ਵਿੱਚ ਰਿਹਾਇਸ਼ੀ ਸਕੂਲਾਂ ਦਾ ਪ੍ਰਬੰਧਨ ਅਤੇ ਪ੍ਰਸ਼ਾਸਨ।

## ਵਿਸ਼ੇਸ਼ ਧਿਆਨ ਯੋਗ ਖੇਤਰ:2:ਸਿੱਖਣ ਸਿਖਾਉਣ ਸਬੰਧੀ ਛੋਟੇ ਅਤੇ ਬਹੁਗ੍ਰੇਡੀ ਸਕੂਲਾਂ ਦੀ ਅਗਵਾਈ

ਇਹ ਵਿਸ਼ੇਸ਼ ਖੇਤਰ ਇੱਕ ਜਾਂ ਦੋ ਅਧਿਆਪਕਾਂ ਵਾਲੇ ਛੋਟੇ ਸਕੂਲਾਂ ਵਿੱਚ ਬਹੁਗ੍ਰੇਡੀ ਪੜ੍ਹਾਈ ਕਰਵਾਉਣ ਨਾਲ ਸਬੰਧਤ ਹੈ।ਇਨ੍ਹਾਂ ਸਕੂਲਾਂ ਦੀ ਖਾਸ ਵਿਸ਼ੇਸ਼ਤਾ ਹੈ ਕਿ ਇੱਥੇ ਪੜ੍ਹਾ ਰਹੇ ਅਧਿਆਪਕਾਂ ਨੂੰ ਇਸ ਸੰਦਰਭ ਵਿੱਚ ਆਪਣੀ ਭੂਮਿਕਾ ਅਤੇ ਸਰੋਤਾਂ ਦੀ ਵਰਤੋਂ ਕਰਨ ਸਬੰਧੀ ਸੀਮਤ ਗਿਆਨ ਹੈ। ਇਸ ਲਈ ਇਹ ਖੇਤਰ ਪ੍ਰਭਾਵਸ਼ਾਲੀ ਬਹੁਗ੍ਰੇਡੀ ਪੜ੍ਹਾਈ ਕਰਵਾਉਣ ਸਬੰਧੀ ਅਧਿਆਪਕਾਂ ਨੂੰ ਸਮਰਥ ਬਣਾਉਣ ਤੇ ਕੇਂਦਰਤ ਹੈ।

- ਸਥਾਨਕ ਅਤੇ ਸਿੱਖਿਆ ਪ੍ਰਣਾਲੀ ਦੇ ਸੰਦਰਭ ਵਿੱਚ ਵਿਸ਼ੇਸ਼ ਚਣੌਤੀਆਂ ਨੂੰ ਸਮਝਣਾ।
- ਸੰਯੁਕਤ ਵਾਤਾਵਰਨ ਪੈਦਾ ਕਰਨਾ ਜੋ ਸਮਾਜਿਕ, ਆਰਥਿਕ ਅਤੇ ਸੰਸਕ੍ਰਿਤਕ ਵਿਭੰਨਤਾਵਾਂ ਪ੍ਰਤੀ ਸੰਵੇਦਨਸ਼ੀਲ ਹੋਵੇ।
- ਬੱਚਿਆਂ ਦੇ ਪੱਧਰ ਦੇ ਅਨੁਕੂਲ ਕਰੀਕੁਲਮ ਅਤੇ ਟੀ ਐਲ ਐਮ ਨੂੰ ਰਿਵਿਊ ਕਰਨਾ ਅਤੇ ਸਿਖਿਆਰਥੀ ਦੇ ਮੁਲਾਂਕਣ ਢੰਗ ਵਿੱਚ ਸੁਧਾਰ ਲਿਆਉਣਾ।
- ਵਿਦਿਆਰਥੀ ਪ੍ਰਬੰਧਨ: ਵਿਦਿਆਰਥੀਆਂ ਵਿੱਚ ਵਾਰਤਾਲਾਪ, ਉਨ੍ਹਾਂ ਦੇ ਬੈਠਨ ਦਾ ਪ੍ਰਬੰਧ, ਵਿਦਿਆਰਥੀਆਂ ਦੀ ਸੰਭਾਲ ਅਤੇ ਸਹਾਇਤਾ।
- ਸਮੂਹਾਂ ਵਿੱਚ ਸਿੱਖਣਾ: ਵੱਡੇ ਗ੍ਰੇਡ ਪੱਧਰ, ਸਮਾਨ ਗ੍ਰੇਡ ਵਾਲੇ ਅਤੇ ਆਪਣੇ ਤੋਂ ਵੱਡੀ ਉਮਰ ਵਾਲਿਆਂ ਤੋਂ ਸਿੱਖਣਾ।
- ਬਹੁਗ੍ਰੇਡੀ ਸਥਿਤੀਆਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਰਾਹੀਂ ਸਮੇਂ ਦੀ ਪ੍ਰਭਾਵਸ਼ਾਲੀ ਵਰਤੋਂ।

## ਵਿਸ਼ੇਸ਼ ਧਿਆਨ ਯੋਗ ਖੇਤਰ 3: ਪ੍ਰਸਪਰ ਵਿਰੋਧ ਵਾਲੇ ਖੇਤਰਾਂ ਦੇ ਸਕੂਲਾਂ ਦੀ ਅਗਵਾਈ

ਭਾਰਤ ਦੇ ਕਈ ਖੇਤਰਾਂ ਵਿੱਚ ਦੰਗੇ ਫਸਾਦਾਂ ਜਾਂ ਆਫਤਾਂ ਕਾਰਨ ਲੋਕਾਂ ਦਾ ਜੀਵਨ ਅਸ਼ਾਂਤ ਰਹਿੰਦਾ ਹੈ।ਇਨ੍ਹਾਂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਬਹੁਤ ਸਾਰੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ:ਜਿਵੇਂ ਸਟਾਫ ਅਤੇ ਬੱਚਿਆਂ ਦਾ ਸਦਮੇਂ ਵਿੱਚ ਰਹਿਣਾ ਅਤੇ ਸਕੂਲ ਦੇ ਕੰਮਕਾਜ ਵਿੱਚ ਅਨਿਸ਼ਚਿਤਤਾ।ਇਸ ਤਰਾਂ ਦੇ ਮਹੌਲ ਵਿੱਚ ਸਕੂਲ ਮੁਖੀ ਨੂੰ ਬਹੁਤ ਸਾਰੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ; ਸਕੂਲ ਦੀਆਂ ਰੋਜ਼ਾਨਾ ਗਤੀਵਿਧੀਆਂ ਦਾ ਪ੍ਰਬੰਧਨ, ਬੱਚਿਆਂ ਨੂੰ ਸਕੂਲ ਹਾਜ਼ਰ ਕਰਵਾਉਣਾ, ਭਾਈਚਾਰੇ ਨਾਲ ਸਬੰਧ ਬਣਾਉਣੇ ਅਤੇ ਸਕੂਲ ਦੇ ਕਾਰਜਾਂ ਵਿੱਚ ਭਾਈਚਾਰੇ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ। ਇਹ ਖਾਸ ਖੇਤਰ ਅਜਿਹੀਆਂ ਚਣੌਤੀਆਂ ਤੇ ਕੇਂਦਰਤ ਹੈ।

- ਬੱਚਿਆਂ ਨੂੰ ਸਦਮੇਂ ਅਤੇ ਡਰ ਵਿੱਚੋਂ ਕੱਢਣ ਲਈ ਸਹਾਇਤਾ ਪ੍ਰਣਾਲੀ ਸਥਾਪਤ ਕਰਨਾ।

- ਜਮਾਤ ਵਿੱਚ ਤਣਾਅ ਮੁਕਤ ਅਤੇ ਬੱਚਾ ਕੇਂਦਰੀ ਮਹੌਲ ਸਿਰਜਨਾ।
- ਕਿਸੇ ਅਣਸੁਖਾਵੀਂ ਘਟਨਾ ਤੋਂ ਬਚਨ ਲਈ ਮਾਪਿਆਂ ਦੀ ਸਹਾਇਤਾ ਨਾਲ ਸਕੂਲ ਦੁਆਲੇ ਸੁਰੱਖਿਆ ਕਵਚ ਦੀ ਸਿਰਜਨਾ ਕਰਨਾ।
- ਸਕੂਲ ਅਤੇ ਬੱਚਿਆਂ ਦੀ ਸੁਰੱਖਿਆ ਲਈ ਭਾਈਚਾਰੇ ਅਤੇ ਪੁਲਿਸ ਦੀ ਸਹਾਇਤਾਂ ਪ੍ਰਾਪਤ ਕਰਨਾ।
- ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ਼ ਵਿੱਚ ਸਕਾਰਾਤਮਿਕ ਰਵਈਆਂ ਵਿਕਸਤ ਕਰਨ ਲਈ ਹੌਂਸਲਾ ਦੇਣਾ ਅਤੇ ਸਹਾਇਤਾ ਕਰਨੀ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨ ਲਈ ਇੱਕ ਦੂਜੇ ਨੂੰ ਹੌਂਸਲਾ ਦੇਣ ਲਈ ਤਿਆਰ ਕਰਨਾ।
- ਮੋਜੂਦਾ ਜ਼ਿਦਗੀ ਦੀਆਂ ਸਚਾਈਆਂ ਨੂੰ ਸਮਝਣਾ, ਸਕੂਲ ਵਿੱਚ ਓਹਨਾਂ ਤੇ ਚਰਚਾ ਕਰਨੀ ਅਤੇ ਇਹਨਾਂ ਨੂੰ ਸਿੱਖਣ ਸਿਖਾਉਣ ਦੀਆਂ ਪ੍ਰਕ੍ਰਿਆਵਾਂ ਦਾ ਹਿੱਸਾ ਬਣਾਉਣਾ।

## ਵਿਸ਼ੇਸ਼ ਧਿਆਨ ਯੋਗ ਖੇਤਰ:4: ਮੁਸ਼ਕਿਲ ਭੂਗੋਲਿਕ ਹਾਲਤਾਂ

ਜੋ ਸਕੂਲ ਮੁਸ਼ਕਿਲ ਭੂਗੋਲਿਕ ਹਾਲਤਾਂ ਜਿਵੇਂ ਭਾਰੀ ਵਰਖਾ ਵਾਲੇ, ਮਾਰੂਥਲ, ਪਹਾੜੀ ਅਤੇ ਤੱਟੀ ਖੇਤਰਾਂ ਵਿੱਚ ਸਥਿੱਤ ਸਕੂਲਾਂ ਨੂੰ ਸਾਲ ਵਿੱਚ ਭਿੰਨ ਭਿੰਨ ਮੌਸਮਾਂ ਵਿੱਚ ਖਾਸ ਸੰਭਾਲ ਅਤੇ ਧਿਆਨ ਦੀ ਲੋੜ ਹੁੰਦੀ ਹੈ। ਇਸ ਵਿੱਚ ਬੁਨਿਆਦੀ ਸਹੂਲਤਾਂ ਮੁਹਈਆਂ ਕਰਵਾਉਣੀਆਂ ਅਤੇ ਸਕੂਲ ਦੇ ਸਧਾਰਨ ਜੀਵਨ ਨੂੰ ਪ੍ਰਭਾਵਤ ਕਰਨ ਵਾਲੀਆਂ ਮੌਸਮੀ ਤਬਦੀਲੀਆਂ ਨਾਲ ਨਿਪਟਣਾ ਆਦਿ ਸ਼ਾਮਿਲ ਹੈ। ਇਸਦਾ ਮੁੱਖ ਉਦੇਸ਼ ਸਕੂਲ ਮੁਖੀਆਂ ਨੂੰ ਇਹਨਾਂ ਚਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨਾ ਹੈ।

- ਭੂਗੋਲਿਕ ਅਤੇ ਮੌਸਮੀ ਤਬਦੀਲੀਆਂ ਅਧਾਰਤ ਸਮਾ ਸਾਰਨੀ ਤਿਆਰ ਕਰਨਾ ਅਤੇ ਲਾਗੂ ਕਰਨਾ।
- ਬੱਚਿਆਂ ਦਾ ਸਕੂਲ ਆਉਣਾ ਚਾਲੂ ਰੱਖਣ ਲਈ ਅਤੇ ਸਕੂਲ ਛੱਡਣ ਤੇ ਰੋਕ ਲਾਉਣ ਲਈ ਅਤੇ ਗੈਰਹਾਜ਼ਰੀ ਸਬੰਧੀ ਭਾਈਚਾਰੇ ਦੇ ਆਗੂਆਂ ਅਤੇ ਮਾਪਿਆਂ ਲਾਲ ਗਲਬਾਤ ਕਰਨੀ।
- ਉਚਿਤ ਬੁਨਿਆਦੀ ਢਾਂਚਾ ਸਿਰਜਨਾ ਅਤੇ ਸਿੱਖਿਆ ਅਤੇ ਮਿਡ ਡੇ ਮੀਲ ਸਬੰਧੀ ਸਮਗਰੀ ਸਹੂਲਤਾਂ ਸਕੂਲ ਦੀ ਸਥਿਤੀ ਅਤੇ ਮੌਸਮ ਦੇ ਅਧਾਰ ਤੇ ਮੁਹਈਆ ਕਰਵਾਉਣੀ।
- ਅਧਿਆਪਕਾਂ ਅਤੇ ਬੱਚਿਆਂ ਨੂੰ ਸਖਤ ਮੌਸਮੀ ਤਬਦੀਲੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨਾ।
- ਚਣੌਤੀਆਂ ਦਾ ਸਾਹਮਣਾ ਕਰਨ ਲਈ ਭਾਈਚਾਰੇ ਨਾਲ ਸਬੰਧ ਸਥਾਪਤ ਕਰਨੇ।

ਕਰੀਕੁਲਮ ਸਕੂਲ ਮੁਖੀਆਂ ਨੂੰ ਇਹਨਾਂ ਚਣੌਤੀਆਂ ਦਾ ਸਾਹਮਣਾ ਕਰਨ ਅਤੇ ਸਮੱਸਿਆਵਾਂ ਦਾ ਹੱਲ ਕਰਨ ਲਈ ਫੈਸਲੇ ਲੈਣ ਸਬੰਧੀ ਮੱਦਦ ਕਰਦਾ ਹੈ।

# ਸਮਗਰੀ ਤਿਆਰ ਕਰਨਾ ਅਨਕੂਲਣ ਅਤੇ ਪ੍ਰਸੰਗੀਕਰਨ

ਹਰ ਪ੍ਰਮੱਖ ਖੇਤਰ ਸਬੰਧੀ ਸੌਖਿਆਂ ਪੜ੍ਹਿਆ ਜਾ ਸਕਣ ਵਾਲਾ ਵਿਸ਼ਾ ਵਸਤੂ ਵਿਕਸਤ ਕੀਤਾ ਜਾਵੇਗਾ ਅਤੇ ਇਸ ਦੀਆਂ ਕੋਰ ਇਕਾਈਆਂ ਸਕੂਲ ਸਿੱਖਿਆ ਸਬੰਧੀ ਮਹੱਤਵ ਪੂਰਨ ਮੁੱਦਿਆਂ ਤੇ ਕੋਰਸ ਦੇ ਵੱਖ ਵੱਖ ਪਹਿਲੂਆਂ ਦੀ ਪੜ੍ਹਾਈ ਦੇ ਸਿੱਖਣ ਦੇ ਮੌਕੇ ਪ੍ਰਦਾਨ ਕਰਨਗੀਆਂ। ਵੱਖ ਵੱਖ ਸਰੋਤਾਂ ਤੋਂ ਬਹੁਤ ਸਾਰੇ ਮਾਡਿਊਲ ਤਿਆਰ ਕਰਕੇ ਇਕੱਠੇ ਕੀਤੇ ਜਾਣਗੇ।ਸਰੋਤਾਂ ਦਾ ਇਹ ਖਜ਼ਾਨਾ ਰਿਸੋਰਸ ਗਰੁਪਾਂ ਅਤੇ ਰਿਸੋਰਸ ਪਰਸਨਜ਼ ਨੂ ਅਪਣੀ ਲੋੜ ਮੁਤਾਬਿਕ ਵਿਸ਼ਾ ਵਸਤੂ ਨੂੰ ਵੱਖ ਵੱਖ ਸੁਮੇਲਾਂ ਰਾਹੀਂ ਸਕੂਲ ਮੁਖੀਆਂ ਦੇ ਰੁਝੇਵਿਆਂ ਅਤੇ ਪ੍ਰਸੰਗਾਂ ਅਨੁਸਾਰ ਸੋਧ ਕਰਨ ਲਈ ਸਹਾਈ ਹੋਵੇਗਾ।

- ਟੀਚੇ ਅਧਾਰਤ ਮਾਡਿਊਲ: ਪ੍ਰਾਇਮਰੀ, ਸਕੈਂਡਰੀ ਅਤੇ ਸੀਨੀਅਰ ਸਕੈਂਡਰੀ ਸਕੂਲਾਂ ਦੇ ਮੁਖੀਆਂ ਅਤੇ ਭਵਿੱਖ ਵਿੱਚ ਮੁਖੀ ਬਣਨ ਦੀ ਤਾਂਘ ਰੱਖਣ ਵਾਲਿਆਂ ਸੰਭਾਵੀ ਮੁਖੀਆਂ ਦੀਆਂ ਵਿਲੱਖਣ ਅਗਵਾਈ ਲੋੜਾਂ ਨੂੰ ਤਵਜੋਂ ਦੇਣਾ।
- ਮੁੱਦੇ ਅਧਾਰਤ ਮਾਡਿਊਲ: ਦੇਸ਼ ਭਰ ਦੇ ਭਿੰਨ ਭਿੰਨ ਸਕੂਲਾਂ ਦੀਆਂ ਆਪੋ ਆਪਣੀਆਂ ਚਣੌਤੀਆਂ ਅਤੇ ਮੁੱਦਿਆਂ ਨੂੰ ਤਵਜੋਂ ਦੇਣਾ।

ਰਾਜ ਤੋਂ ਪ੍ਰਾਪਤ ਕੀਤੀ ਸਮਗਰੀ ਵਿੱਚ ਵਾਸਤਵਿਕ ਕੇਸ ਸਟੱਡੀਜ਼ ਸ਼ਾਮਲ ਕੀਤੀਆਂ ਜਾਣਗੀਆਂ।ਰਾਜ ਪੱਧਰ ਦੇ ਰਿਸੋਰਸ ਗਰੁੱਪ ਨਾਲ ਬਹੁਤ ਸਾਰੀਆਂ ਵਰਕਸ਼ਾਪਾਂ ਕਰਕੇ ਸਮਗਰੀ ਅਤੇ ਕਰੀਕੁਲਮ ਦਾ ਸਰਕਾਰੀ ਸਕੂਲਾਂ ਦੀਆਂ ਜ਼ਮੀਨੀ ਹਕੀਕਤਾਂ ਨਾਲ ਫਾਸਲਾ ਘਟਾਇਆ ਜਾ ਸਕੇਗਾ